# ਅੰਮ੍ਰਿਤ ਕੀਰਤਨ

ਜੂਨ 2004



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 6 • ਸਾਲ ਸੋਲਵਾਂ • ਜੂਨ 2004



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004



**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਸੋ ਪ੍ਰਭੁ ਹੋਆ ਬੇਲੀ<br>*ਭਗਵੰਤ ਸਿੰਘ ਦਲਾਵਰੀ* | 4 |
| ਨਿਰਭਯਤਾ ਅਤੇ ਨਿਰਵੈਰਤਾ<br>*ਸੋਹਣ ਸਿੰਘ* | 7 |
| ਪ੍ਰਸਿੱਧ ਕੀਰਤਨੀਏ<br>*ਹਰਭਜਨ ਸਿੰਘ ਰਤਨ* | 9 |
| ਸਾਡੇ ਕੀਰਤਨੀਏ<br>*ਗੁਰਜੰਤ ਸਿੰਘ ਰਾਹੀ* | 12 |
| ਗੁਰੂ ਕੇ ਕੀਰਤਨੀਏ ਅਤੇ ਢਾਡੀ ਸਿੰਘ ਭਾਈ ਕੇਵਲ ਸਿੰਘ<br>*ਰਾਗੀ ਜੱਥਾ ਭਾਈ ਚਰਨਜੀਤ ਸਿੰਘ ਖਾਲਸਾ* | 15 |
| Ornithological Similies And ...<br>*Dr. Jasbir Singh Sarna* | 16 |
| ਸੁਰ ਲਿਪੀਆਂ<br>*ਪ੍ਰੋ. ਕਰਤਾਰ ਸਿੰਘ* | 22 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

## ਕਰਉ ਬੇਨੰਤੀਆ

# ਕਰੁਣਾ ਮੈ ਸਭ ਦੁਖ ਹਰੋ

ਕੀਰਤਨ ਸਮੇਂ ਕੋਈ ਕੋਈ ਸ਼ਬਦ ਇਕ ਵੱਖਰਾ ਹੀ ਆਨੰਦ ਦੇਣ ਲੱਗ ਪੈਂਦਾ ਹੈ। ਪਿਛਲੇ ਮਹੀਨੇ ਪੰਜਾਬੀ ਬਾਗ ਦਿੱਲੀ ਵਿਖੇ ਵੀਰ ਕੁਲਵੰਤ ਸਿੰਘ ਸਾਹਨੀ ਹੋਰਾਂ ਦੇ ਘਰ ਕੀਰਤਨ ਕਰਨ ਗਿਆ। ਐਕਸੀਡੈਂਟ ਕਾਰਨ ਅਜੇ ਸਟੂਲ 'ਤੇ ਬੈਠ ਕੇ ਹੀ ਕੀਰਤਨ ਕਰਦਾ ਹਾਂ। ਉੱਥੇ ਇੱਕ ਬੱਚੀ ਵਿੰਨੀ ਨੇ ਜਦੋਂ ਮੇਰੀ ਹਾਲਤ ਵੇਖੀ ਤਾਂ ਉਸ ਕਿਹਾ ਕਿ ਮੈਂ ਡਾਕਟਰ ਸਾਹਿਬ ਦੀ ਸਿਹਤਯਾਬੀ ਲਈ ਅਰਦਾਸ ਵੱਜੋਂ ਇੱਕ ਸ਼ਬਦ ਗਾਇਨ ਕਰਨਾ ਹੈ। ਉਸ ਨੇ ਸਥਾਈ ਵੱਜੋਂ ਦੋ-ਤਿੰਨ ਵਾਰ ਉਚਾਰਿਆ - ਕਰੁਣਾਮੈ ਸਭ ਦੁਖ ਹਰੋ। ਸਾਰੇ ਹੀ ਉਸ ਸ਼ਬਦ ਨਾਲ ਜੁੜ ਗਏ। ਮੈਨੂੰ ਵੀ ਹੁਣ ਉਸ ਸ਼ਬਦ ਦਾ ਸੰਦਰਭ ਨਿਵੇਕਲਾ ਹੋ ਗਿਆ ਜਾਪਦਾ ਸੀ। ਕਿਤਨੇ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਅਤੇ ਸਹਿਜ ਪਾਠ ਕਰਦਾ ਆ ਰਿਹਾ ਹਾਂ। ਸਲੋਕ ਸਹਿਸਕ੍ਰਿਤੀ ਵਿਚ ਦਰਜ ਇਹ ਸਲੋਕ ਕਿਤਨਾ ਭਾਵ ਪੂਰਤ ਹੈ। ਕਦੀ ਧਿਆਨ ਨਹੀਂ ਗਿਆ। ਕਿਤਨੇ ਸੰਕਟ ਵਿਚੋਂ ਲੰਘਿਆ ਹਾਂ ਪਿਛਲੇ ਦੋ ਸਾਲਾਂ ਵਿਚ, ਪਰ ਇਹ ਸ਼ਬਦ ਯਾਦ ਹੀ ਨਹੀਂ ਆਇਆ। ਅੱਜ ਵਿੰਨੀ ਨੇ ਇਸ ਸ਼ਬਦ ਦੇ ਅਰਥ ਹੀ ਬਦਲ ਦਿੱਤੇ। ਇੰਜ ਜਾਪਦਾ ਸੀ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਮੇਰੇ ਲਈ ਹੀ ਅਰਦਾਸ ਕਰਨ ਵਾਸਤੇ ਇਹ ਸ਼ਬਦ ਉਚਾਰਿਆ ਹੋਵੇ। ਹੁਣ ਮੈਂ ਵੀ ਇਸ ਨੂੰ ਆਪਣੇ ਕੀਰਤਨ ਵਿਚ ਸ਼ਾਮਲ ਕਰ ਲਿਆ ਹੈ। ਪਿਛਲੇ ਦਿਨੀਂ ਜਦੋਂ ਪ੍ਰੋ. ਹਰਮਿੰਦਰ ਕੌਰ ਜੀ ਦੇ ਕੀਰਤਨ ਦੀ ਕੈਸਟ ਰੀਲੀਜ਼ ਸਮਾਗਮ 'ਤੇ ਲੁਧਿਆਣੇ ਗਿਆ ਤਾਂ ਉੱਥੇ ਇਸ ਸ਼ਬਦ ਦਾ ਗਾਇਨ ਕੀਤਾ। ਹਰਮਿੰਦਰ ਕੌਰ ਜੀ ਕਹਿਣ ਲੱਗੇ ਤੁਸੀਂ ਸਾਰੇ ਤਾਂ ਮੇਰੀ ਅਰੋਗਤਾ ਲਈ ਜਨਮਾਂ ਜਨਮਾਂ ਦੀ ਅਰਦਾਸ ਕਰ ਦਿੱਤੀ ਹੈ। ਸੱਚਮੁੱਚ ਹੀ ਗੁਰਬਾਣੀ ਦੇ ਇਸ ਅਥਾਹ ਸਾਗਰ ਵਿਚ ਬੇਅੰਤ ਹੀਰੇ ਮੋਤੀ ਹਨ। ਲੋੜ ਹੈ ਤਾਂ ਕੇਵਲ ਲਗਾਉ ਨਾਲ ਅਤੇ ਭਾਉ ਨਾਲ ਇਸ ਸਾਗਰ ਵਿਚ ਚੁੱਭੀ ਲਾਉਣ ਦੀ। ਆਓ, ਇਸ ਸਾਰੇ ਸ਼ਬਦ ਦਾ ਅਰਥਾਂ ਸਹਿਤ ਅਧਿਐਨ ਕਰੀਏ।

*ਹੇ ਪ੍ਰਾਣ ਨਾਥ ਗੋਬਿੰਦਹ, ਕ੍ਰਿਪਾ ਨਿਧਾਨ ਜਗਦ ਗੁਰੋ॥*
*ਹੇ ਸੰਸਾਰ ਤਾਪ ਹਰਣਹ ਕਰੁਣਾਮੈ ਸਭ ਦੁਖ ਹਰੋ॥*
*ਹੇ ਸਰਣਿ ਜੋਗ ਦਯਾਲਹ, ਦੀਨਾਨਾਥ ਮਯਾ ਕਰੋ॥*
*ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ॥੫੦॥*

*ਅਰਥ*

ਹੇ ਗੋਬਿੰਦ! ਹੇ ਜੀਵਾਂ ਦੇ ਮਾਲਕ! ਹੇ ਕਿਰਪਾ ਦੇ ਖ਼ਜ਼ਾਨੇ! ਹੇ ਜਗਤ ਦੇ ਗੁਰੂ! ਹੇ ਦੁਨੀਆਂ ਦੇ ਦੁੱਖਾਂ ਦੇ ਨਾਸ ਕਰਨ ਵਾਲੇ! ਹੇ ਤਰਸ-ਸਰੂਪ ਪ੍ਰਭੂ! (ਜੀਵਾਂ ਦੇ) ਸਾਰੇ ਦੁੱਖ-ਕਲੇਸ਼ ਦੂਰ ਕਰ।

ਹੇ ਦਇਆ ਦੇ ਘਰ! ਹੇ ਸਰਨ ਆਇਆਂ ਦੀ ਸਹੈਤਾ ਕਰਨ-ਯੋਗ ਪ੍ਰਭੂ! ਹੇ ਦੀਨਾਂ ਦੇ ਨਾਥ! ਮੇਹਰ ਕਰ।

ਹੇ ਰਾਮ! ਹੇ ਦਾਮੋਦਰ! ਹੇ ਮਾਧੋ! ਸਰੀਰਕ ਅਰੋਗਤਾ ਸਮੇਂ ਅਤੇ ਸਰੀਰ ਦੇ ਨਾਸ ਹੋਣ ਸਮੇਂ (ਹਰ ਵੇਲੇ) ਨਾਨਕ ਤੈਨੂੰ ਸਿਮਰਦਾ ਰਹੇ।

# ਸੋ ਪ੍ਰਭੁ ਹੋਆ ਬੇਲੀ

ਭਗਵੰਤ ਸਿੰਘ ਦਲਾਵਰੀ : ਤਪੋਵਨ ਅਮਰਾਵਤੀ 444 602 ਮਹਾਰਾਸ਼ਟਰਾ

ਬੇਲੀ ਲਫਜ਼ ਮੈਨੂੰ ਬੜਾ ਪਿਆਰਾ ਲੱਗਦਾ ਹੈ। ਜਦੋਂ ਪਹਿਲੀ ਵਾਰ ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਸੁਣਿਆ,

*ਹਉ ਕਿਆ ਸਾਲਾਹੀ ਕਿਰਮ ਜੰਤੁ*
*ਵਡੀ ਤੇਰੀ ਵਡਿਆਈ....॥*
*ਮੈਂ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ'॥*
(ਪੰਨਾ 792)

ਤਾਂ ਮੇਰਾ ਮੂੰਹ ਖੁਲ੍ਹਾ ਹੀ ਰਹਿ ਗਿਆ। ਕਦੇ ਕੋਈ ਪ੍ਰਭੂ ਨੂੰ ਬੇਲੀ ਕਹਿ ਸਕਦਾ ਹੈ। ਮੈਂ ਤਾਂ ਛੋਟੀ ਉਮਰ ਵਿਚ ਆਪਣੇ ਬੇਲੀਆਂ ਨੂੰ ਯਾਦ ਕਰਦਾ ਸੋਚਣ ਲੱਗਾ ਉਹ ਤਾਂ ਮੇਰੇ ਨਾਲ ਬੰਟੇ ਖੇਡਦੇ ਸਨ, ਗੁੱਲੀ-ਡੰਡਾ ਖੇਡਦੇ ਸਨ ਜਾਂ ਇਕ-ਦੂਜੇ ਦੇ ਮੋਢੇ 'ਤੇ ਹੱਥ ਧਰ ਕੇ ਲਾਡ ਨਾਲ ਖਿਚਖਿਲੀਆਂ ਮਾਰਦੇ ਸੜਕਾਂ ਤੇ ਚੱਲਦੇ ਸਾਂ। ਭਾਵੇਂ ਮੈਨੂੰ ਚੰਗਾ ਲੱਗਾ ਖੁਦ ਨੂੰ ਨੀਵੇਂ ਤੋਂ ਨੀਵਾਂ ਕੀੜਾ ਸਮਝ ਆਪਣੀ ਅਸਮਰਥਾ ਮਹਿਸੂਸ ਕਰਨੀ ਕਿ ਅਸੀਂ ਉਸ ਪ੍ਰਭੂ ਦੀ ਬੇਅੰਤਤਾ ਨੂੰ ਨਾ ਕਦੇ ਪਛਾਣ ਸਕਦੇ ਹਾਂ ਤੇ ਨਾ ਕਦੇ ਉਹਦੀ ਵਡਿਆਈ ਕਰ ਸਕਦੇ ਹਾਂ, ਪਰ ਇਹ ਸਮਝ ਨਾ ਆਈ ਕਿ ਜਦ ਉਹ ਇਤਨਾ ਉੱਚਾ ਹੈ, ਇਤਨਾ ਦਿਆਲੂ ਹੈ, ਇਤਨਾ ਸਨਮਾਨ ਯੋਗ ਹੈ ਤਾਂ ਉਸਨੂੰ "ਬੇਲੀ" ਕਿਵੇਂ ਕਹਿ ਸਕਦੇ ਹਾਂ।

ਗੁਰੂ ਗ੍ਰੰਥ ਸਾਹਿਬ ਜੋ ਮੇਰੇ ਗੁਰੂ ਤਾਂ ਹੈਨ ਹੀ, ਪਰ ਮੇਰੇ ਲਈ ਜਿੰਦਗੀ ਦੇ ਹਰ ਪਹਿਲੂ ਨੂੰ ਸਜਾਉਣ-ਸੁਵਾਰਣ ਤੇ ਸੇਧ ਦੇਣ ਵਾਲੇ ਮਾਲਕ ਵੀ ਹਨ। ਮੈਂ ਜਦੋਂ ਬਾਣੀ ਪੜ੍ਹਦਾ-ਸੁਣਦਾ ਹਾਂ; ਗਾਉਂਦਾ ਯਾ ਸਹਿਜ ਪਾਠ ਕਰਦਾ ਹਾਂ, ਇੰਜ ਲੱਗਦਾ ਹੈ ਮੈਂ ਰਤਨਾਂ ਦੀ ਖਾਨ ਵਿਚੋਂ ਹੀਰੇ ਦੇਖ ਰਿਹਾ ਹਾਂ। ਕਦੇ-ਕਦੇ ਹੀਰਿਆਂ ਦੀ ਚਮਕ ਅੱਖਾਂ ਨੂੰ ਚੁੰਧਿਆ ਦੇਂਦੀ ਹੈ ਭਾਵੇਂ ਬਾਹਰੋਂ ਕੁਝ ਵੀ ਪਤਾ ਨਹੀਂ ਲੱਗਦਾ। ਅੰਦਰ ਵੇਖਣ ਨਾਲ ਕਦੇ-ਕਦੇ ਇਹ ਮਹਿਸੂਸ ਹੁੰਦਾ ਹੈ ਜਿਵੇਂ ਗੁਰੂ ਨੇ ਆਪਣੇ ਆਪ ਸਾਡੇ ਨਾਲ ਸਾਂਝ ਪਾ ਲਈ ਹੋਵੇ ਤੇ ਅਸੀਂ ਦੋਵੇਂ ਰਲ ਕੇ ਨਾਲੇ ਹੀਰੇ ਵੇਖ ਰਹੇ ਹਾਂ, ਨਾਲੇ ਹੀਰਿਆਂ ਦਾ ਵਪਾਰ ਕਰੀ ਜਾ ਰਹੇ ਹਾਂ ਤੇ ਇਸ ਤੋਂ ਵੱਧ ਇਵੇਂ ਲੱਗਦਾ ਹੈ ਕਿ ਬੜੀ ਭਾਰੀ ਖੱਟੀ ਹੋ ਰਹੀ ਹੈ। ਉਸ ਕਮਾਈ ਦੇ ਨਾਲ ਨਾਲ ਇਹ ਵੀ ਲੱਗਦਾ ਹੈ ਕਿ ਬਾਣੀ ਪੜ੍ਹਨ ਵਾਲੇ ਨੂੰ ਨਾ ਦੁਖ ਹੋ ਸਕਦਾ ਹੈ, ਨਾ ਭਰਮ ਚਮੁਟਦੇ ਹਨ ਤੇ ਨਾ ਹੀ ਉਹ ਕਦੇ ਗਲਤ ਰਸਤੇ ਪੈ ਸਕਦਾ ਹੈ। ਵੇਖੋ ਨਾ,

*ਧਨਵੰਤ ਨਾਮ ਕੇ ਵਣਜਾਰੇ,*
*ਸਾਂਝੀ ਕਰਹੁ ਨਾਮ ਧਨੁ...॥*
*ਗੁਰ ਕਾ ਸਬਦੁ ਵੀਚਾਰੇ॥੧॥ ਰਹਾਉ॥*
*ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥*
*ਸਚੁ ਧਨ ਵਣਜਹੁ ਸਚੁ ਧਨੁ ਸੰਚਹੁ*
*ਕਬਹੂ ਨ ਆਵਹੁ ਹਾਰੇ॥੧॥*
*ਖਾਤ ਖਰਚਤ ਕਿਛੁ ਨਿਖੁਟਤ ਨਾਹੀ*
*ਅਗਨਤ ਭਰੇ ਭੰਡਾਰੇ॥*
*ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ॥*
(ਪੰਨਾ 1220)

ਕਮਾਲ ਹੋ ਗਿਆ, ਆਸ਼ਵਾਸਨ ਹੈ ਕਦੇ ਹਾਰਾਂਗੇ ਨਹੀਂ, ਦਰਗਾਹ ਵਿਚ ਸ਼ੋਭਾ ਪਾਵਾਂਗੇ ਤੇ ਪ੍ਰਭੂ ਨੂੰ ਨਾਲ ਵੇਖਾਂਗੇ ਜੇ ਕਪਟਪੁਣਾ ਛੱਡ ਨਿਰਵੈਰ ਹੋ ਜਾਈਏ, ਪਰ ਅਜੇ ਵੀ ਇਹ "ਬੇਲੀ" ਦੀ ਸਮਝ ਨਹੀਂ ਸੀ ਆਈ।

ਪਰ ਜਦੋਂ ਭਗਤ ਰਵਿਦਾਸ ਜੀ ਨੂੰ ਲਾਡ ਕਰਦਿਆਂ ਤੱਕਿਆ ਤਾਂ ਇੰਜ ਜਾਪਿਆ ਉਹ ਤਾਂ ਬੇਲੀ ਤੋਂ ਵੀ ਅਗੇ ਲੰਘ ਗਏ ਹਨ- ਪ੍ਰਭੂ ਤੇਰੇ-ਮੇਰੇ ਵਿਚ ਫਰਕ ਹੀ ਕੀ ਹੈ, ਅਸੀਂ ਦੋਵੇਂ ਇਕੋ ਕੁਝ ਹਾਂ, ਸਗੋਂ ਜੇ ਮੈਂ ਪਾਪ ਨਾ ਕਰਦਾ ਤਾਂ ਤੈਨੂੰ ਪਤਿਤ ਪਾਵਨ ਕਿਸ ਕਹਿਣਾ ਸੀ,

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*...ਜਉਪੈ ਹਮ ਨਾ ਪਾਪ ਕਰੰਤਾ ਅਹੇ ਅਨੰਤਾ॥*
*ਪਤਿਤ ਪਾਵਨ ਨਾਮੁ ਕੈਸੇ ਹੁੰਤਾ॥...* (ਪੰਨਾ 93)

ਇਸ ਤੋਂ ਵੀ ਵੱਧ, ਭਗਤ ਜੀ ਦਾ ਸ਼ਬਦ

*ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਧੇ॥*
*ਅਪਨੇ ਛੂਟਨ ਕੋ ਜਤਨੁ ਕਰਹੁ*
*ਹਮ ਛੂਟੇ ਤੁਮ ਅਗਾਧੇ॥* (ਪੰਨਾ 658)

ਤਾਂ ਬਿਲਕੁਲ ਹੀ ਇਕਮਿਕਤਾ ਵਾਲੀ ਗੱਲ ਹੋ ਗਈ। ਸਗੋਂ ਇਥੋਂ ਤੱਕ ਕਹਿ ਦਿੱਤਾ ਗਿਆ ਜੋ ਤੂੰ ਵਾਹਿਗੁਰੂ ਨਹੀਂ ਕਰ ਸਕਦਾ, ਮੈਂ ਕਰ ਸਕਦਾ ਹਾਂ-

*ਮੇਰੀ ਬਾਂਧੀ ਭਗਤੁ ਛਡਾਵੈ॥* (ਪੰਨਾ 1252)

ਮੈਂ ਤਾਂ ਮੋਹ ਵਿਚ ਬੰਨ੍ਹਿਆ ਹੋਇਆ ਸੀ, ਤੇਰੀ ਕਿਰਪਾ ਹੋਈ, ਤੇਰਾ ਪਿਆਰ ਪਾ ਲਿਆ, ਇਸ ਪਿਆਰ ਨਾਲ ਮੇਰੀਆਂ ਮੋਹ ਦੀਆਂ ਜੰਜੀਰਾਂ ਖੁਦ-ਬ-ਖੁਦ ਛੁਟ ਗਈਆਂ, ਤੂੰ ਹੁਣ ਛੁਟਣ ਦੀ ਕੋਸ਼ਿਸ਼ ਕਰ ਕੇ ਵੇਖ ਲੈ, ਮੇਰੇ ਪ੍ਰੇਮ ਬੰਧਨ 'ਚੋਂ ਛੁਟ ਨਹੀਂ ਸਕੇਂਗਾ।

ਹੁਣ ਲੱਗਦਾ ਹੈ ਜਿਸ ਵੇਲੇ ਪ੍ਰਭੂ ਪਿਆਰ ਵਿਚ ਬੰਦਾ ਆਪਣੇ ਆਪ ਨੂੰ ਅਰਪਣ ਕਰ ਦੇਂਦਾ ਹੈ ਤਾਂ ਇਕਮਿਕਤਾ ਦੀ ਹਾਲਤ ਇਸ ਲਈ ਪੈਦਾ ਹੋ ਜਾਂਦੀ ਹੈ ਕਿ ਪ੍ਰਭੂ ਆਪਣੇ ਸੇਵਕਾਂ ਨੂੰ ਨੀਵੇਂ ਦਰਜੇ ਦਾ ਨਹੀਂ ਸਮਝਦਾ, ਸਗੋਂ ਖੁਸ਼ ਹੁੰਦਾ ਹੈ ਕਿ ਜਿਹੜੀ ਪਵਿੱਤਰਤਾ ਉਹ ਸਾਡੇ ਵਿਚ (ਪ੍ਰਭੂ ਦੀ ਛਤ੍ਰਛਾਇਆ ਹੇਠ) ਵੇਖਣਾ ਚਾਹੁੰਦਾ ਹੈ। ਉਸ ਨਾਲ ਉਹ ਸਾਨੂੰ ਆਪਣੇ ਵਰਗਾ ਬਣਾ ਕੇ ਖੁਸ਼ ਹੁੰਦਾ ਹੈ। ਫਿਰ ਸੇਵਕ ਉਹਨੂੰ ਮਾਂ ਕਹਵੇ, ਪਿਉ ਕਹਵੇ, ਸਾਜਨ ਕਹਵੇ, ਮ੍ਰਿਤ ਕਹਵੇ, ਮਾਲਕ ਕਹਵੇ, ਬੇਲੀ ਕਹਵੇ, ਪ੍ਰੇਮੀ ਕਹਵੇ... ਇਹ ਸਭ ਕੁਛ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਸੇਵਕ ਨੇ ਆਪਣਾ ਮਨ ਆਪਣੇ ਗੁਰੂ ਨੂੰ ਵੇਚ ਦਿੱਤਾ ਹੈ। ਮੈਂ ਕਈ ਵਾਰ ਅੰਗਰੇਜ਼ੀ ਵਿਚ ਕਹਿੰਦਾ ਹਾਂ-

"the slavery of Guru Granth Sahib is the greatest liberation on earth"

ਮਤਲਬ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ 'ਤੇ ਗੁਲਾਮਾਂ ਵਾਂਗ ਅਮਲ ਕਰਦਾ ਹੈ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ।

ਅੱਜ ਜਦੋਂ ਹਰਿਮੰਦਰ ਸਾਹਿਬ ਤੋਂ ਇਹ ਸ਼ਬਦ ਪੜ੍ਹਿਆ ਗਿਆ,

*ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥*
(ਪੰਨਾ 616)

ਤਾਂ ਮੈਨੂੰ ਲੱਗਾ ਕਿ ਅਸੀਂ ਤਾਂ ਜੀਂਵਦੇ ਹੀ ਨਹੀਂ ਕਿਉਂਕਿ ਸਾਹਿਬ ਕਹਿੰਦੇ ਹਨ ਜੋ ਸਿਮਰੈ ਸੋ ਜੀਵੈ, ਅਰਥਾਤ ਜੇ ਇਕ ਖਿਨ ਵੀ ਪ੍ਰਭੂ ਦੀ ਯਾਦ ਭੁਲੇ ਤਾਂ ਬੰਦਾ ਮਰ ਗਿਆ ਤਾਂ ਹੀ ਗੁਰੂ ਸਾਹਿਬ ਕਹਿੰਦੇ ਹਨ,

*ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥*
(ਪੰਨਾ 21)

ਬੰਦਾ ਰੋਗੀ ਹੋ ਗਿਆ, ਨਾਲ ਹੀ ਇਹ ਵੀ ਕਹਿੰਦੇ ਹਨ ਇਹ ਕਾਹਦੀ ਭਗਤੀ ਜੇ ਇਕ ਤਿਲ ਵੀ ਪਿਆਰਾ ਵਿਸਰਦਾ ਹੈ-

*ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ॥*
(ਪੰਨਾ 35)

ਹੋਰ ਆਖਦੇ ਹਨ

*ਮਤ ਤੁਮ ਜਾਣਹੁ ਓ ਜੀਵਦੇ*
*ਓ ਆਪਿ ਮਾਰੇ ਕਰਤਾਰਿ॥* (ਪੰਨਾ 589)

ਗੁਰੂ ਚਰਨਾਂ ਵਿਚ ਅਰਦਾਸ ਕਰਦਿਆਂ ਮੈਂ ਕਹਿ ਦਿੱਤਾ-

*ਜਿਉ ਭਾਵੈ ਤਿਉ ਰਾਖਿ ਲੈ*
*ਹਮ ਸਰਣਿ ਪ੍ਰਭ ਆਏ ਰਾਮ ਰਾਜੇ॥*
*ਹਮ ਭੂਲਿ ਵਿਗਾੜਹ ਦਿਨਹੁ ਰਾਤਿ*
*ਹਰਿ ਲਾਜ ਰਖਾਏ॥*
*ਹਮ ਬਾਰਿਕ ਤੂੰ ਗੁਰੁ ਪਿਤਾ ਹੈ*
*ਦੇ ਮਤਿ ਸਮਝਾਏ॥* (ਪੰਨਾ 450)

ਮਨ ਤਾਂ ਸਹਿਜ ਵਿਚ ਆ ਗਿਆ ਪਰ "ਬੇਲੀ" ਦੀ ਪ੍ਰੀਭਾਸ਼ਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਅਗਲੇਰੇ ਪੂਰੇ ਸ਼ਬਦ ਵਿਚ ਬੜੇ ਪਿਆਰ ਤੇ ਕਮਾਲ ਨਾਲ ਸਮਝਾਈ:

*ਪਾਰਬ੍ਰਹਮ ਹੋਆ ਸਹਾਈ ਕਥਾ ਕੀਰਤਨ ਸੁਖਦਾਈ॥*
*ਗੁਰ ਪੂਰੇ ਕੀ ਬਾਣੀ॥*
*ਜਪਿ ਅਨਦੁ ਕਰਹੁ ਨਿਤ ਪ੍ਰਾਣੀ॥੧॥*
*ਹਰਿ ਸਾਚਾ ਸਿਮਰਹੁ ਭਾਈ॥*
*ਸਾਧ ਸੰਗਿ ਸਦਾ ਸੁਖੁ ਪਾਈਐ*
*ਹਰਿ ਬਿਸਰਿ ਨ ਕਬਹੂ ਜਾਈ॥ ਰਹਾਉ॥*
*ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥*
*ਜਿਸ ਨੋ ਕਰਮਿ ਪਰਾਪਤਿ ਹੋਵੈ*
*ਸੋ ਜਨੁ ਨਿਰਮਲੁ ਥੀਵੈ॥੨॥*
*..ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥*
*ਆਦਿ ਅੰਤਿ ਮਧਿ ਨਾਨਕ ਕਉ*
*ਸੋ ਪ੍ਰਭੁ ਹੋਆ ਬੇਲੀ॥੫॥...* (ਪੰਨਾ 616)

ਜਦੋਂ ਪ੍ਰਭੂ ਆਪ ਸਹਾਈ ਹੁੰਦਾ ਹੈ, ਕਥਾ-ਕੀਰਤਨ ਕਰਨਾ-ਸੁਨਣਾ ਬੜਾ ਹੀ ਸੁਖ ਦੇਂਦਾ ਹੈ। ਮੈਂ ਖੁਦ ਨੂੰ ਬੇਲੀ ਨਹੀਂ ਕਹਿ ਸਕਦਾ ਪਰ ਕਥਾ-ਕੀਰਤਨ ਮੈਨੂੰ ਬਹੁਤ ਚੰਗੇ ਲੱਗਦੇ ਹਨ। ਜਦੋਂ ਅਸੀਂ ਸਤਿਸੰਗੀ ਪੂਰੇ ਗੁਰੂ ਦੀ ਬਾਣੀ ਰਲ ਕੇ ਗਾਉਂਦੇ ਹਾਂ ਤਾਂ ਬੜਾ ਹੀ ਅਨੰਦ ਆਉਂਦਾ ਹੈ ਤੇ ਜਦੋਂ ਵੀ ਗਾਉਂਦੇ ਹਾਂ ਅਨੰਦ ਦੀ ਮਸਤੀ ਛਾ ਜਾਂਦੀ ਹੈ। ਸ਼ਾਇਦ ਉਹ ਆਪ "ਬੇਲੀ" ਬਣ ਕੇ ਨਾਲ ਬਹਿ ਜਾਂਦਾ ਹੋਵੇਗਾ ਕਿਉਂਕਿ ਅਸੀਂ ਤਾਂ ਇਤਨੇ ਨੀਚ ਹਾਂ ਉਸਨੂੰ ਬੇਲੀ ਕਹਿਣ ਜੋਗੇ ਨਹੀਂ, ਪਰ ਸਾਹਿਬ ਹੋਰ ਦ੍ਰਿੜ ਕਰਾਉਂਦੇ ਹਨ ਕਿ ਸਾਧ ਸੰਗਤ ਵਿਚ ਸਦਾ ਸੁਖ ਨਿਕਲਦਾ ਹੈ ਤੇ ਦਿਲ ਨਹੀਂ ਕਰਦਾ ਕਿ ਪ੍ਰਭੂ ਕਦੇ ਵੀ ਵਿਸਰੇ। ਜੋ ਵੀ ਹਿੰਦੂ, ਮੁਸਲਮਾਨ, ਇਸਾਈ, ਸਿੱਖ, ਪਰਮੇਸਰ ਦੇ ਨਾਮ ਦਾ ਅੰਮ੍ਰਿਤ ਮਾਣੇਗਾ ਉਹ ਮੋਇਆ ਵੀ ਜਾਗ ਪਵੇਗਾ ਤੇ ਸਾਹਿਬ ਦੀ

ਕਿਰਪਾ ਨਾਲ ਉਸਦਾ ਮਨ ਨਿਰਮਲ ਹੋ ਜਾਏਗਾ ਅਤੇ ਜੇ ਮਨ ਨਿਰਮਲ ਹੋ ਗਿਆ ਤਾਂ ਕਬੀਰ ਸਾਹਿਬ ਕਹਿੰਦੇ ਹਨ ਉਹ ਸਚਮੁਚ ਬੇਲੀ ਬਣ ਕੇ ਪਿੱਛੇ-ਪਿੱਛੇ ਘੁੰਮੇਗਾ,

*ਕਬੀਰ ਮਨੁ ਨਿਰਮਲੁ ਭਇਆ ਜੈਸੇ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥...*

(ਪੰਨਾ 1367)

ਮੇਰੇ 40 ਸਾਲ ਬਰਬਾਦ ਹੋਣ ਕਰਕੇ ਇਹ ਵੀ ਨਹੀਂ ਸੀ ਪਤਾ ਕਿ ਪ੍ਰਭੂ ਦਾ ਨਾਮ ਹੁੰਦਾ ਕੀ ਹੈ। ਮੈਂ ਤਾਂ ਲੋਕਾਂ ਨੂੰ ਵੇਖ-ਵੇਖ ਕੇ ਇਹੀ ਸਮਝਿਆ ਸੀ ਬਸ ਇਕ ਰੂਟੀਨ ਕਰ ਲਉ- ਗੁਰਦੁਆਰੇ ਜਾਣਾ ਹੈ, ਜਪੁਜੀ ਸਾਹਿਬ ਦਾ ਪਾਠ ਕਰਕੇ ਹੀ ਚਾਹ ਪੀਣੀ ਹੈ, ਮੱਥਾ ਟੇਕ ਕੇ ਸਕੂਲ ਜਾਣਾ ਹੈ... ਵਗੈਰਾ-ਵਗੈਰਾ। ਇਹ ਤਾਂ ਪਤਾ ਹੀ ਨਹੀਂ ਸੀ ਕਿ ਗੁਰੂ ਦੀ ਬਾਣੀ ਪ੍ਰੇਮ ਦੀ, ਅਨੰਦ ਦੀ, ਰਸ ਦੀ, ਪਿਆਰ ਦੀ, ਮੌਜਾਂ ਦੀ, ਨਿਰਵੈਰਤਾ ਦੀ, ਨਿਡਰਤਾ ਦੀ, ਪੂੰਜੀ ਦਾ ਅਖੁੱਟ ਖਜਾਨਾ ਹੈ। ਯਾਦ ਆ ਗਈ ਮੁੰਦਾਵਣੀ,

*ਜੋ ਕੋ ਖਾਵੈ ਜੋ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਇਹ ਵਸਤੁ ਤਜੀ ਨਹ ਜਾਈ*
*ਨਿਤ ਨਿਤ ਰਖੁ ਉਰਿਧਾਰੋ ॥* (ਪੰਨਾ 1429)

ਤੇ ਮੈਂ ਖੁਦ ਨੂੰ ਕਹਿਣ ਲੱਗਾ, ਓਇ ਯਾਦ ਨਹੀਂ ਤੈਨੂੰ ਕਬੀਰ ਸਾਹਿਬ ਦੀ ਗੱਲ,

*ਜੋ ਕਉ ਭਾਓ ਭਗਤ ਕਿਛੁ ਜਾਨੈ*
*ਤਾ ਕੌ ਅਚਰਜ ਕਾਹੋ ॥* (ਪੰਨਾ ?)

ਫਿਰ ਹੈਰਾਨਗੀ ਕੈਸੀ? ਹੋਰ ਵੀ, ਯਾਦ ਕਰ ਕਬੀਰ ਸਾਹਿਬ ਦਾ ਅਨੁਭਵ,

*ਅਬ ਤਉ ਜਾਇ ਚਢੇ*
*ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥*
*ਰਾਮ ਕਬੀਰਾ ਏਕ ਭਏ ਹੈਂ*
*ਕੋਇ ਨ ਸਕੈ ਪਛਾਨੀ ॥* (ਪੰਨਾ 969)

ਅਫਸੋਸ ਇਸ ਗੱਲ ਦਾ ਹੈ ਕਿ ਜਿਹੜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਸ਼ਬਦ ਗੁਰੂ ਕਰਾਰ ਦਿੱਤਾ ਸੀ, ਅਸੀਂ ਇਹਨੂੰ ਪਵਿੱਤ੍ਰ ਗ੍ਰੰਥ ਕਰਕੇ ਉਸ ਤਰ੍ਹਾਂ ਪੂਜਣ ਲੱਗ ਪਏ ਜਿਵੇਂ ਬ੍ਰਾਹਮਣ ਮੰਦਰਾਂ ਵਿਚ ਮੂਰਤੀ ਪੂਜਦੇ ਹਨ ਕਿਉਂਕਿ ਅਸੀਂ ਨਾ ਧਿਆਨ ਨਾਲ ਪੜ੍ਹਦੇ ਹਾਂ, ਨਾ ਵਿਚਾਰਦੇ ਹਾਂ। ਜਦੋਂ ਸਾਹਿਬ ਕਹਿੰਦੇ ਹਨ ਕਿ ਪ੍ਰਭੂ ਨੂੰ ਵਿਸਾਰ ਕੇ ਦੁਨੀਆਵੀ ਸੁਖ ਭੋਗਣ ਵਾਲੇ ਵਿਸ਼ਟਾ ਦੇ ਕੀੜੇ ਹਨ, ਸਾਨੂੰ ਕੋਈ ਸ਼ਰਮ ਨਹੀਂ ਆਉਂਦੀ, ਕੋਈ ਡਰ ਨਹੀਂ ਲੱਗਦਾ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*

(ਪੰਨਾ 707)

ਤੇ ਜਦੋਂ ਕਹਿੰਦੇ ਹਨ ਤੂੰ ਮੇਰਾ ਪਿਆਰਾ ਹੈਂ, ਮੇਰੇ ਕੋਲ ਆ, ਅਸੀਂ ਰਲ ਕੇ ਅੰਮ੍ਰਿਤ ਵੇਲੇ ਪ੍ਰਭੂ ਦੇ ਗੀਤ ਗਾਵਾਂਗੇ, ਮੈਂ ਤੇਰੇ ਪੈਰ ਧੋਵਾਂਗਾ, ਤਾਂ ਵੀ ਸਾਡੇ ਅੰਦਰ ਕੋਈ ਚਾਅ, ਕੋਈ ਪਿਆਰ ਨਹੀਂ ਉਪਜਦਾ-

*ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥*
*ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥...*
*ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥*

(ਪੰਨਾ 318)

ਕਿਉਂਕਿ ਅਸੀਂ ਪੂਰੀ ਤਰ੍ਹਾਂ ਦ੍ਰਿਸ਼ਟ ਵਿਚ ਫਸੇ ਹੋਏ ਹਾਂ। ਅਸੀਂ ਢੀਠ ਹਾਂ, ਗੁਰੂ ਦੀ ਗੱਲ ਸੁਣਦੇ ਹੀ ਨਹੀਂ, ਵੱਡੇ ਕਮਰੇ ਬਣਾਵਾਂਗੇ, air conditioner ਲੱਗਵਾਂਵੇ, ਸਜਾਵਟ ਕਰਾਂਗੇ ਪਰ ਜੋ ਗੁਰੂ ਕਹਿੰਦਾ ਹੈ ਉਸ 'ਤੇ ਅਮਲ ਨਹੀਂ। ਜਿਨ੍ਹਾਂ ਨੂੰ ਕੁਝ ਸ਼ੌਕ ਵੀ ਹੈ ਉਹ ਸੰਤਾਂ ਦੇ ਡੇਰਿਆਂ ਵੱਲ ਭੱਜਦੇ ਹਨ, ਬਾਹਰ ਢੂੰਢਦੇ ਹਾਂ, ਬੰਦੇ ਦੀ ਗੁਲਾਮੀ ਕਰਦੇ ਹਨ, ਸਾਹਿਬ ਦੀ ਗੱਲ ਯਾਦ ਨਹੀਂ ਰੱਖਦੇ।

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥*
*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥*

(ਪੰਨਾ 1384)

ਗੁਰਮੁਖ ਪਿਆਰਿਓ! ਬਾਹਰ ਧੱਕੇ ਨਾ ਖਾਓ, ਗੁਰੂ ਦੀ ਗੱਲ ਮੰਨੋ, ਵਾਹਿਗੁਰੂ ਬੇਲੀ ਨੂੰ ਬਾਹਰ ਨਾ ਢੂੰਢੋ, ਉਹ ਤਾਂ ਅੰਦਰ ਬੈਠਾ ਹੈ, ਆਪ ਨਹੀਂ ਲਭ ਸਕਦੇ ਪਰ ਗੁਰੂ ਦੇ ਬਚਨਾਂ 'ਤੇ ਚੱਲ ਕੇ ਉਸਨੂੰ ਵੇਖ ਸਕਦੇ ਹਨ। ਫਿਰ ਤਾਂ ਉਹ ਬਿਲਕੁਲ ਨੇੜੇ ਲੱਗੇਗਾ।

*ਨਾਲਿ ਹੋਵੰਦਾ ਲਹਿ ਨ ਸਕੰਦਾ,*
*ਸੁਆਉ ਨ ਜਾਣੈ ਮੂੜਾ ॥*
*ਕਹੁ ਨਾਨਕ ਗੁਰ ਬਿਨੁ ਨਹੀ ਸੂਝੈ*
*ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥*

(ਪੰਨਾ 924)

# ਨਿਰਭਯਤਾ ਅਤੇ ਨਿਰਵੈਰਤਾ

ਸੋਹਣ ਸਿੰਘ : 3027, ਸੈਕਟਰ 27-ਡੀ, ਚੰਡੀਗੜ੍ਹ

ਨਿਰਭਯਤਾ ਤੇ ਨਿਰਵੈਰਤਾ ਪ੍ਰਮਸ਼ਕਤੀ ਦੇ ਉਹ ਗੁਣ ਹਨ ਜੋ ਪ੍ਰਾਣੀ ਨੂੰ ਮਨੁੱਖੀ ਸਰੀਰ ਰਾਹੀਂ ਦ੍ਰਿਸ਼ਟੀਮਾਨ ਹੁੰਦੇ ਹਨ। ਇਹਨਾਂ ਗੁਣਾਂ ਦਾ ਧਾਰਨੀ ਮਨੁਖਤਾ ਦਾ ਰਾਹਬਰ, ਇਨਸਾਨੀਅਤ ਦਾ ਸੇਵੀਅਰ ਤੇ ਪ੍ਰਭੂ ਦਾ ਪਿਆਰਾ ਗਿਣਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਚਾਰੇ ਹੋਏ ਮੂਲ ਮੰਤਰ "ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਵਿਚ ਪ੍ਰਭੂ ਦੇ ਮੁੱਖ ਗੁਣਾਂ ਦੀ ਝਲਕ ਮਿਲਦੀ ਹੈ ਜਿਸ ਵਿਚੋਂ ਕੇਵਲ ਦੋ ਹੀ ਗੁਣ ਨਿਰਭਯਤਾ ਅਤੇ ਨਿਰਵੈਰਤਾ ਮਨੁੱਖ ਆਪਣੇ ਸਰੀਰ ਰਾਹੀਂ ਅਪਣਾ ਸਕਦਾ ਹੈ ਬਾਕੀ ਸਾਰੇ ਗੁਣ ਪ੍ਰਭੂ ਦੇ ਦਾਰਸ਼ਨਿਕ ਨਹੀਂ ਹਨ ਪਰੰਤੂ ਨਿਜੀ ਹਨ, ਨਿਰਗੁਣੀ ਹਨ, ਜੋ ਇਨਸਾਨੀ ਜਾਮੇ ਵਿਚ ਕਦੀ ਵੀ ਹਾਸਲ ਨਹੀਂ ਹੋ ਸਕਦੇ। ਗੁਰੂ ਨਾਨਕ ਨੇ ਮਨੁੱਖ ਲਈ ਨਿਰਭਯਤਾ ਤੇ ਨਿਰਵੈਰਤਾ ਦੇ ਗੁਣ ਅਪਨਾਉਣ ਲਈ ਅਤੇ ਮੂਲ ਮੰਤਰ ਵਿਚ ਪ੍ਰਮਸ਼ਕਤੀ ਦੇ ਬਾਕੀ ਗੁਣਾਂ ਦੀ ਅਣਭੱਵਤਾ ਲਈ, ਮੂਲ ਮੰਤਰ ਦੇ ਉਪਰੰਤ ਤੇ "ਜਪੁ" ਪਾਠ ਤੋਂ ਪਹਿਲੋਂ "ਜਪੁ" ਅੱਖਰ ਨੂੰ ਦੁਪਾਸੀ ਵਰਤ ਕੇ ਮੂਲ ਮੰਤਰ ਨੂੰ ਜਪਨ ਦਾ ਹੁਕਮ ਕੀਤਾ ਜਾਪਦਾ ਹੈ। ਮਨੁੱਖ ਮੂਲ ਮੰਤਰ ਨੂੰ ਜਪ ਕੇ ਇਸ ਦੇ ਸਾਰੇ ਦਰਸਾਏ ਗੁਣਾਂ ਦਾ ਰਹੱਸ ਮਾਣ ਸਕਦਾ ਹੈ ਤੇ ਮਨ ਨੂੰ ਸ਼ਾਂਤ ਅਵੱਸਥਾ 'ਚ ਰੱਖ ਸਕਦਾ ਹੈ।

ਇਹ ਗੁਣ ਜਦੋਂ ਤੋਂ ਧਰਤੀ ਆਕਾਰ ਵਿਚ ਆਈ ਹੈ ਅਤੇ ਮਨੁਖਤਾ ਨੇ ਜਨਮ ਲਿਆ ਹੈ ਉਸੀ ਦਿਨ ਤੋਂ ਹੀ ਸੁਭਾਇਮਾਨ ਹਨ। ਪ੍ਰਮ ਸ਼ਕਤੀ ਨੇ ਆਦਿ ਤੋਂ ਹੀ ਪਿਆਰ, ਕੁਰਬਾਨੀ, ਤ੍ਰਿਸਨਾ, ਨਫਰਤ, ਹੰਕਾਰ ਦੇ ਗੁਣਾਂ/ਅਵਗੁਣਾਂ ਦਾ ਛਿਟਾ ਜੀਵ ਜੰਤੂਆਂ ਵਾਸਤੇ ਬਖੇਰ ਦਿੱਤਾ ਹੈ। ਉਸ ਦੇ ਹੁਕਮ ਵਿਚ ਹਰ ਜੀਵ ਜਮਦਾ, ਵਿਚਰਦਾ ਤੇ ਮਰਦਾ ਚਲਿਆ ਜਾਂਦਾ ਹੈ। ਉਹਨੇ ਹਰ ਜੀਵ ਦੇ ਮਸਤਕ ਤੇ ਧੁਰੋਂ ਹੀ ਲੇਖ ਲਿਖ ਇਹਨਾਂ ਗੁਣਾਂ/ਅਵਗੁਣਾਂ ਦਾ ਸੁਆਦ ਲੈਣ ਵਾਸਤੇ ਇਸ ਮਾਤ ਲੋਕ ਵਿਚ ਭੇਜ ਦਿੱਤਾ ਹੈ। ਉਸ ਦੇ ਹੁਕਮ ਨਾਲ ਕੋਈ ਰਾਜਾ ਤੇ ਕੋਈ ਸੇਵਾਦਾਰ/ਭਿਖਾਰੀ ਹੋ। ਕੋਈ ਜੁਲਮ ਕਰਕੇ ਦੂਸਰਿਆਂ ਦੇ ਸਵੈ ਅਭਿਮਾਨ ਨੂੰ ਸੱਟ ਮਾਰਦਾ ਹੈ ਤੇ ਕੋਈ ਜੁਲਮ ਸਹਿਦਿਆਂ ਸਹਿਦਿਆਂ ਉਮਰ ਗੁਜ਼ਾਰ ਦਿੰਦਾ ਹੈ। ਕੋਈ ਦਿਆਲੂ ਦ੍ਰਿਸ਼ਟੀ ਰੱਖਦਾ ਅਤੇ ਉਹ ਕਈਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਪੀੜਤਾਂ ਦਾ ਭਾਈਵਾਲ ਬਣਦਾ ਹੈ। ਕੋਈ ਦੁਨੀਆਵੀ ਗਿਆਨ ਪ੍ਰਾਪਤ ਕਰਕੇ ਗਿਆਨੀ/ਪੰਡਿਤ ਅਖਵਾਉਂਦਾ ਹੈ ਤੇ ਕੋਈ ਬਗੈਰ ਗੁਣਾਂ ਦੇ ਧਾਰਨ ਤੋਂ ਅਭਿਮਾਨੀ।

ਜਿਹੜਾ ਮਨੁੱਖ ਤਾਕਤਵਰ ਹੁੰਦਿਆਂ ਹੋਇਆ ਵੀ ਕਿਸੇ ਨੂੰ ਭੈ ਨਹੀਂ ਦਿੰਦਾ ਉਸ ਵਿਚ ਨਿਰਵੈਰਤਾ ਦੇ ਚਿੰਨ੍ਹ ਹਨ ਅਤੇ ਜਿਹੜਾ ਮਨੁੱਖ ਕਿਸੇ ਤੋਂ ਡਰਦਾ ਨਹੀਂ ਉਸ ਵਿਚ ਪ੍ਰਮਸ਼ਕਤੀ ਨੇ ਨਿਰਭਯਤਾ ਦੇ ਗੁਣ ਬਖਸ਼ੇ ਹਨ। ਇਹ ਦੋਵੇਂ ਗੁਣ ਇਕ ਭੱਦਰ ਪੁਰਸ਼ ਲਈ ਆਪਸ 'ਚ ਤਾਣੇ ਪੇਟੇ ਦਾ ਰਿਸ਼ਤਾ ਰੱਖਦੇ ਹਨ। ਉਹ ਭੱਦਰ ਪੁਰਸ਼ ਮਨੁਖਤਾ ਲਈ ਚਾਨਣ ਮੁਨਾਰਾ ਸਾਬਤ ਹੁੰਦੇ ਹਨ। ਸਭ ਦੁਨੀਆਵੀ ਬੰਧਨਾਂ ਨੂੰ ਤੋੜ ਇਕ ਨਵੀਂ ਲਹਿਰ ਦੇ ਬਾਨੀ ਬਣ ਬੈਠਦੇ ਹਨ। ਉਹ ਸੰਤ ਉਭਾਰਨ, ਦੁਸ਼ਟ ਸੰਘਾਰਣ ਦੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖ ਦੁਨੀਆਂ ਵਿਚ ਇਕ ਅਨੋਖੀ ਸ਼ਕਤੀ ਉਭਾਰਦੇ ਹਨ। ਜੋ ਭੁਲੇ ਭਟਕੇ ਪ੍ਰਾਣੀਆਂ ਨੂੰ ਧਰਮ ਦੇ ਰਸਤੇ ਦਿਖਾਉਂਦੇ ਹਨ ਅਤੇ ਅਸਲੀ ਇਨਸਾਨੀਅਤ ਦੇ ਰਾਹ ਤੇ ਲਗਾਉਂਦੇ ਹਨ।

ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ, ਹਜਰਤ ਮੁਹੰਮਦ ਸਾਹਿਬ, ਭਗਤ ਨਾਮ ਦੇਵ ਜੀ, ਭਗਤ ਕਬੀਰ ਸਾਹਿਬ, ਭਗਤ ਰਵੀਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਗੱਦੀ ਦੇ ਸਾਰੇ ਵਾਰਸਾਂ ਵਿਚ ਇਹੀ ਗੁਣ ਵਿਚਰਦੇ ਸਨ। ਇਹੋ ਜਿਹੇ ਗੁਣਾਂ ਦੇ ਭਰਪੂਰ ਗਿਆਨੀ ਹੀ ਸੰਤ ਸਿਪਾਹੀ ਕਹਿਲਾ ਸਕਦੇ ਹਨ।

ਗੁਰੂ ਸਾਹਿਬਾਂ ਦਾ ਨਿਰਭਯਤਾ ਤੇ ਨਿਰਵੈਰਤਾ ਬਾਰੇ ਇਹ ਕਥਨ ਹਨ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ॥*
*ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ॥*

(ਪੰਨਾ 1426)

*ਕਹੁ ਕਬੀਰ ਸੁਖਿ ਸਹਿਜ ਸਮਾਵਉ॥*
*ਆਪਿ ਨ ਡਰਉ ਨ ਅਵਰ ਡਰਾਵਉ॥*

(ਕਬੀਰ ਜੀ 326-27)

*ਧਨਿ ਧਨਿ ਹਰਿ ਗਿਆਨੀ ਸਤਿਗੁਰੂ ਹਮਾਰਾ*
*ਜਿਨ ਵੈਰੀ ਮਿਤਰ ਹਮ ਕਉ ਸਭ ਸਮ ਦ੍ਰਿਸ਼ਟ ਦਿਖਾਈ॥*
*ਨ ਕੋ ਬੈਰੀ ਨਾਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿਆਈ॥*

(ਪੰਨਾ 1299)

*ਪਰ ਕਾ ਬੁਰਾ ਨ ਰਾਖਹੁ ਚੀਤ!*
*ਤੁਮ ਕਉ ਦੁਖੁ ਨਹੀ ਭਾਈ ਮੀਤ॥*

(ਪੰਨਾ 386)

*ਮਨ ਅਪਨੇ ਤੇ ਬੁਰਾ ਮਿਟਾਨਾ!*
*ਪੇਖੇ ਸਗਲ ਸ੍ਰਿਸਟਿ ਸਾਜਨ*
*ਇਕੁ ਫਿਕਾ ਨ ਗਲਾਇ ਸਭਨਾ ਮੈ ਸਚਾ.....॥*

(ਪੰਨਾ 266)

*ਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ।*

(ਫਰੀਦ ਜੀ 1384)

ਜਿਨ੍ਹਾਂ ਮਨੁੱਖਾਂ ਵਿਚ ਕੇਵਲ ਨਿਰਭਯਤਾ ਹੁੰਦੀ ਹੈ ਉਹ ਜਬਰ, ਜੁਲਮ, ਹੁਕਮਰਾਨ ਬਣ ਬੈਠਦੇ ਹਨ ਉਹਨਾਂ ਦੇ ਰੋਮ ਰੋਮ ਵਿਚ ਹੰਕਾਰ/ਹਉਮੈ ਭਰ ਜਾਂਦੀ ਹੈ। ਆਪਣੀਆਂ ਅਸਲੀ ਜੁੰਮੇਵਾਰੀਆਂ ਤੋਂ ਅੱਖਾਂ ਬੰਦ ਕਰਕੇ ਜ਼ਿੰਦਗੀ ਗੁਜ਼ਾਰਦੇ ਹਨ ਅਤੇ ਅੰਤ ਵੇਲੇ ਪਛਤਾਉਂਦੇ ਹਨ। ਸਮਰਾਟ ਸਿਕੰਦਰ ਤੇ ਔਰੰਗਜੇਬ ਵਰਗੀਆਂ ਮਿਸਾਲਾਂ ਸਾਡੇ ਸਾਹਮਣੇ ਹਨ।

ਜਿਨ੍ਹਾਂ ਵਿਚ ਕੇਵਲ ਨਿਰਵੈਰਤਾ ਦਾ ਗੁਣ ਹੁੰਦਾ ਹੈ। ਉਹਨਾਂ ਨੂੰ ਕਈ ਵਾਰੀ ਦੁਖ ਵੀ ਸਹਿਣੇ ਪੈਂਦੇ ਹਨ, ਜ਼ਿਲਤ ਦੀ ਜ਼ਿੰਦਗੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਪਰੰਤੂ ਅਖੀਰ ਤੇ ਉਹਨਾਂ ਦੀ ਜਿੱਤ ਹੁੰਦੀ ਹੈ। ਉਹ ਪ੍ਰਮਾਤਮਾ ਦੀ ਦਰਗਾਹ ਵਿਚ ਖਿਲਤ ਦੇ ਧਾਰਨੀ ਬਣਦੇ ਹਨ ਤੇ ਮਾਤਲੋਕ ਵਿਚ ਆਪਣੀ ਛਾਪ ਛੱਡ ਜਾਂਦੇ ਹਨ ਤੇ ਅਮਰ ਸਮਝੇ ਜਾਂਦੇ ਹਨ। ਉਹਨਾਂ ਦੀ ਹਰ ਜਬਾਨ ਰਾਹੀਂ ਵਾਹ ਵਾਹ ਹੁੰਦੀ ਹੈ। ਲਾਰਡ ਯਸੂ ਮਸੀਹ, ਬਾਬਾ ਫਰੀਦ ਜੀ, ਮਹਾਤਮਾ ਬੁਧ ਜੀ ਦੀਆਂ ਜ਼ਿੰਦਗੀਆਂ ਸਾਡੇ ਸਾਹਮਣੇ ਹਨ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਤਾਂ ਵਾਤਾਵਰਣ ਨੂੰ ਘੋਖਦਿਆਂ ਹੋਇਆਂ ਨਿਰਭਯਤਾ ਅਤੇ ਨਿਰਵੈਰਤਾ ਦੇ ਚਿੰਨ੍ਹਾਂ ਪ੍ਰਤੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖੀ ਲਹਿਰ ਨੂੰ ਇਕ ਨਵਾਂ ਮੋੜ ਦੇ ਦਿੱਤਾ ਸੀ। ਨਿਰਭਯਤਾ ਦੇ ਗੁਣ ਅਪਨਾਉਂਦਿਆਂ ਹੋਇਆਂ ਰਾਜਿਆਂ ਵਾਂਗੂੰ ਵਿਚਰਦੇ ਹੋਏ ਨਿਰਭਯ ਰਹੇ। ਮੁਸਲਮਾਨੀ ਰਾਜ ਦੀਆਂ ਸਾਰੀਆਂ ਬੰਦਸ਼ਾਂ ਜੋ ਹਿੰਦੂ ਕੌਮ ਵਾਸਤੇ ਉਹਨਾਂ ਲਗਾ ਛੱਡੀਆਂ ਸਨ, ਤੋੜੀਆਂ। ਜਿਆਦਤੀ ਦੇ ਖਿਲਾਫ ਤਲਵਾਰ ਵੀ ਚੁੱਕੀ, ਜਿੱਤਾਂ ਵੀ ਪ੍ਰਾਪਤ ਕੀਤੀਆਂ ਤਾਂ ਕਿ ਸਿੱਖਾਂ ਵਿਚ ਸਵੈ ਅਭਿਮਾਨੀ ਦਾ ਜਜ਼ਬਾ ਸਿੰਚਤ ਹੋ ਸਕੇ। ਗੁਰੂ ਸਾਹਿਬ ਨੇ ਪੀਰਾਂ ਸੰਤਾਂ ਵਾਗੂੰ ਨਿਰਵੈਰਤਾ ਦੇ ਗੁਣ ਵੀ ਭਲੀਭਾਂਤ ਬਖੇਰੇ ਤੇ ਮਨੁਖਤਾ ਨੂੰ ਪ੍ਰਮਸ਼ਕਤੀ ਦੇ ਸਿਮਰਨ ਵਿਚ ਲਗਾਇਆ ਤਾਂ ਜੋ ਉਸ ਪ੍ਰਮਸ਼ਕਤੀ ਪ੍ਰਤੀ ਪ੍ਰੇਮ ਤੋਂ ਸ਼ਰਧਾ ਪੈਦਾ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਐਸਾ ਪੰਥ ਸਾਜ ਦਿੱਤਾ ਜਿਸ ਨੇ ਇਹਨਾਂ ਦੋਹਾਂ ਗੁਣਾਂ ਨੂੰ ਆਪਨਾ ਕੇ ਬੜੇ ਬੜੇ ਜਾਲਮ ਹੁਕਮਰਾਨਾਂ ਦਾ ਮੁਕਾਬਲਾ ਕੀਤਾ ਤੇ ਉਹਨਾਂ ਦੀਆਂ ਹਕੂਮਤਾਂ ਨੂੰ ਖਾਕ 'ਚ ਮਿਲਾ ਦਿੱਤਾ। ਜੋ ਵੀ ਕੋਈ ਇਹ ਦੋਵੇਂ ਨਿਰਭਯਤਾ ਤੇ ਨਿਰਵੈਰਤਾ ਦੇ ਗੁਣਾਂ ਦਾ ਧਾਰਨੀ ਹੁੰਦਾ ਹੈ ਉਹ ਕਰਮ ਯੋਗੀ ਹੁੰਦਿਆਂ ਹੋਇਆਂ ਰਾਜਿਆਂ ਵਾਂਗੂੰ ਜ਼ਿੰਦਗੀ ਬਤੀਤ ਕਰਦਾ ਹੈ। ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ, ਹਜਰਤ ਮਹੰਮਦ ਤੇ ਗੁਰੂ ਸਾਹਿਬਾਂ ਦੀਆਂ ਜ਼ਿੰਦਗੀਆਂ ਘੋਖਣ ਯੋਗ ਹਨ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਕਰਮ ਯੋਗੀ ਤੇ ਰਾਜ ਯੋਗੀ ਬਨਾਉਣ ਦਾ ਯਤਨ ਕੀਤਾ ਹੈ ਤਾਂ ਕਿ ਉਹ ਪ੍ਰਮ ਸ਼ਕਤੀ ਦੀ ਰਜ਼ਾ ਵਿਚ ਰਹਿੰਦਿਆਂ ਹੋਇਆਂ "ਸਚੁ ਆਚਾਰ" ਦੇ ਧਾਰਨੀ ਬਣ ਸਕਣ, ਸਿਰ ਉੱਚਾ ਕਰਕੇ ਜਿਊਣ ਤੇ ਦੂਸਰੇ ਗਰੀਬਾਂ/ਕਮਜ਼ੋਰਾਂ ਨੂੰ ਆਪਣੇ ਗਲ ਲਗਾ, ਸੁਥਰਾ ਜਿਊਣ ਦਾ ਮੌਕਾ ਦੇਣ। ਰਾਮ ਰਾਜਯ ਬਨਾਉਣ ਵਿਚ ਆਪਣਾ ਹਿੱਸਾ ਪਾ ਆਪਣੇ ਦੇਸ਼ ਨੂੰ ਭਗਤ ਰਵਿਦਾਸ ਜੀ ਦੇ ਸੁਪਨੇ ਅਨੁਸਾਰ ਬੇਗਮ ਪੁਰਾ ਬਣਾ ਸਕਣ। ਪਰੰਤੂ ਅੱਜਕਲ ਦੀ ਸਥਿਤੀ ਅਨੁਕੂਲ ਨਹੀ ਭਾਸਦੀ। ਅੱਜਕਲ ਖਾਲਸਾ "ਬਿਪਰਨ ਕੀ ਰੀਤ" ਤੇ ਚੱਲ ਰਿਹਾ ਹੈ। ਹਰ ਪੰਥਕ ਆਗੂ ਮਾਇਆ ਤੇ ਕੁਰਸੀ ਦੀ ਦੌੜ ਚ ਲਗਾ ਹੋਇਆਂ ਹੈ ਤਾਂ ਹੀ ਤਾਂ ਗੁਰੂ ਸਾਹਿਬ ਦਾ ਥਾਪੜਾ ਨਹੀਂ ਹੈ। ਸਿੱਖਾਂ ਦੀ ਗਿਣਤੀ ਘੱਟਦੀ ਜਾਂਦੀ ਹੈ। ਵਾਤਾਵਰਣ ਪ੍ਰਦੂਸ਼ਤ ਹੋਈ ਜਾ ਰਿਹਾ ਹੈ।

ਦਾਸ ਦੀ ਅਰਦਾਸ ਹੈ ਕਿ ਗੁਰੂ ਮਹਾਰਾਜ ਪੰਥਕ ਆਗੂਆਂ ਨੂੰ ਸਮੱਤ ਬਖਸ਼ੇ ਤਾਂ ਜੋ ਅਸਲੀ ਪੰਥਕ ਹਿਤੂ ਬਾਗਡੋਰ ਸੰਭਾਲਣ ਤੇ ਸਰਬਤ ਦੇ ਭਲੇ ਲਈ ਕੁਝ ਹੋ ਸਕੇ। ਇਹ ਤਾਹੀਂ ਹੋ ਸਕੇਗਾ ਜੇ ਹਰ ਘਰ ਤੇ ਹਰ ਧਰਮ ਸਥਾਨ ਤੇ ਮੂਲ ਮੰਤਰ ਦਾ ਜਾਪ ਅਰੰਭਿਆ ਜਾਵੇ ਤਾਂ ਜੋ ਇਸ ਵਿਚ ਦਰਸਾਏ ਗੁਣਾਂ ਦਾ ਰਹਿਸ ਮਾਣਿਆ ਜਾਵੇ ਅਤੇ ਮਨ ਵਿਚ ਕੁਝ ਭਲਾ ਕਰਨ ਲਈ ਚਾਉ ਉਪਜੇ।

# ਪ੍ਰਸਿੱਧ ਕੀਰਤਨੀਏ

ਹਰਭਜਨ ਸਿੰਘ ਰਤਨ : ਬੀ-15, ਲਾਜਪਤ ਨਗਰ-III, ਨਵੀਂ ਦਿੱਲੀ 110 024

ਪਿਛਲੀ ਕਰੀਬਨ ਪੌਣੀ ਸਦੀ ਵਿਚ ਬਹੁਤ ਸਾਰੇ ਮਾਨਯੋਗ ਗੁਣੀ ਵਿਦਵਾਨ ਗੁਰਮਤਿ ਸੰਗੀਤਕਾਰ ਹੋਏ ਹਨ। ਜਿਨ੍ਹਾਂ ਬਾਰੇ ਜਿੰਨੀ ਖੋਜ ਹੋਣੀ ਚਾਹੀਦੀ ਸੀ ਅਜੇ ਤੱਕ ਨਹੀਂ ਹੋਈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਜੋ ਪਹਿਲਾਂ ਨਾਮ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਭਾਈ ਸਾਹਿਬ ਭਾਈ ਹੀਰਾ ਸਿੰਘ ਰਾਗੀ ਜੀ ਦਾ ਹੈ। ਆਪ ਜੀ ਪਿੰਡ ਫਿਰੂਕਾ ਜ਼ਿਲਾ ਸਰਗੋਧਾ (ਪਾਕਿਸਤਾਨ) ਦੇ ਜੰਮਪਲ ਸਨ।

ਇਨ੍ਹਾਂ ਦੇ ਨਾਲ ਇਨ੍ਹਾਂ ਦੇ ਮਾਨਯੋਗ ਪਿਤਾ ਭਾਈ ਪ੍ਰਧਾਨ ਸਿੰਘ ਜੀ ਕੀਰਤਨ ਕਰਦੇ ਸਨ। ਭਾਈ ਹੀਰਾ ਸਿੰਘ ਜੀ ਆਪ ਹਰਮੋਨੀਅਮ ਬਜਾਉਂਦੇ ਸਨ ਤੇ ਭਾਈ ਪ੍ਰਧਾਨ ਸਿੰਘ ਜੀ ਸਿਰੰਦਾ ਬਜਾਉਂਦੇ ਸਨ। ਭਾਈ ਹੀਰਾ ਸਿੰਘ ਜੀ ਵਿਆਖਿਆ ਬਹੁਤ ਪ੍ਰਭਾਵਸ਼ਾਲੀ ਕਰਦੇ ਸਨ। ਕਈ ਵਾਰੀ ਸੁਣਨ ਵਾਲੀਆਂ ਸੰਗਤਾਂ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ।

ਇਨ੍ਹਾਂ ਦਿਨਾਂ ਵਿਚ ਹੀ ਭਾਈ ਸੁਧ ਸਿੰਘ

–ਪ੍ਰਧਾਨ ਸਿੰਘ ਜੀ ਸਰਗੋਧੇ ਵਾਲਿਆਂ ਦਾ ਜੱਥਾ ਬਹੁਤ ਪ੍ਰਸਿੱਧ ਹੋਇਆ। ਭਾਈ ਸੁਧ ਸਿੰਘ ਜੀ ਚੀਫ ਖਾਲਸਾ ਦੀਵਾਨ ਦੇ ਮੁਢਲੇ ਸੰਸਥਾਪਕਾਂ ਵਿਚੋਂ ਇਕ ਸਨ। ਇਹ ਭਾਈ ਪ੍ਰਧਾਨ ਸਿੰਘ ਜੀ, ਭਾਈ ਮੰਗਲ ਸਿੰਘ ਦੇ ਵੱਡੇ ਲੜਕੇ, ਭਾਈ ਬੇਅੰਤ ਸਿੰਘ ਜੀ ਦੇ ਸਪੁੱਤਰ ਸਨ। ਭਾਈ ਸੁਧ ਸਿੰਘ ਜੀ, ਭਾਈ ਮੰਗਲ ਸਿੰਘ ਜੀ ਦੇ ਸਪੁੱਤਰ ਸਨ। ਭਾਈ ਸੁੱਧ ਸਿੰਘ ਜੀ ਚਾਚਾ, ਤੇ ਭਾਈ ਪ੍ਰਧਾਨ ਸਿੰਘ ਜੀ ਭਤੀਜਾ ਸਨ। ਚਾਚੇ ਭਤੀਜੇ ਦਾ ਇਹ ਰਾਗੀ ਜੱਥਾ ਸਿੱਖ ਸੰਗਤਾਂ ਵਿਚ ਬਹੁਤ ਸਤਿਕਾਰਿਆ ਪਿਆਰਿਆ ਸਨਮਾਨਿਆ ਗਿਆ। ਦੇਸ਼ ਵਿਦੇਸ਼ ਤੱਕ ਇਸ ਰਾਗੀ ਜੱਥੇ ਨੇ ਗੁਰਮਤਿ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਮੰਗਲ ਸਿੰਘ ਜੀ ਭਰਜੁਆਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸਿਪਾਹੀ ਸਨ। ਜਦੋਂ ਸਿੱਖ ਫੌਜਾਂ ਨੂੰ ਕਈ ਕਾਰਨਾਂ ਕਰਕੇ ਅੰਗਰੇਜ਼ੀ ਫੌਜ ਹੱਥੋਂ ਹਾਰ ਹੋਈ ਅਤੇ ਪੰਜਾਬ ਤੇ ਅੰਗਰੇਜ਼ਾਂ ਦਾ ਕਬਜਾ ਹੋ ਗਿਆ ਤਾਂ ਸਿੱਖ ਫੌਜ ਤੋੜ ਦਿੱਤੀ ਗਈ। ਸਾਰੇ ਫੌਜੀ ਘਰੋ ਘਰੀ ਭੇਜ ਦਿੱਤੇ ਗਏ। ਉਦੋਂ ਭਾਈ ਮੰਗਲ ਸਿੰਘ ਜੀ ਭੀ ਆਪਣੇ ਪਿੰਡ ਜੱਬੀ ਤਹਿਸੀਲ ਖੁਸ਼ਾਬ ਜ਼ਿਲ੍ਹਾ ਸ਼ਾਹਪੁਰ (ਪਾਕਿਸਤਾਨ) ਆ ਗਏ।

ਉਨ੍ਹਾਂ ਦਿਨਾਂ ਵਿਚ ਇਕ ਉਦਾਸੀ ਮਹਾਤਮਾ ਸਵਾਮੀ ਸੰਤ ਲਛਮਣ ਦਾਸ ਜੀ ਜੱਬੀ ਪਿੰਡ ਆਏ ਇਕ ਤਲਾਅ ਕਿਨਾਰੇ ਆਪਣਾ ਧੂਣਾ ਲਗਾ ਲਿਆ। ਭਾਈ ਮੰਗਲ ਸਿੰਘ ਜੀ ਅਕਸਰ ਉਨ੍ਹਾਂ ਕੋਲ ਜਾ ਬੈਠਦੇ ਸਨ ਤੇ ਗੁਰਬਾਣੀ, ਗੁਰਮਤਿ ਵੀਚਾਰਾਂ ਕਰਦੇ ਰਹਿੰਦੇ ਸਨ।

ਇਕ ਦਿਨ ਬਾਬਾ ਲਛਮਣ ਦਾਸ ਜੀ ਨੇ ਭਾਈ ਮੰਗਲ ਸਿੰਘ ਜੀ ਨੂੰ ਪੁੱਛਿਆ ਕਿ ਮੈਨੂੰ ਤੇਰੇ ਚਿਹਰੇ 'ਤੇ ਉਹ ਖੁਸ਼ੀ ਤੇ ਖੇੜਾ ਨਜ਼ਰ ਨਹੀਂ ਆਉਂਦਾ ਜੋ ਕਿ ਤੇਰੇ ਵਰਗੇ ਗੁਰਮੁਖ ਦੇ ਚਿਹਰੇ 'ਤੇ ਨਜ਼ਰ ਆਉਣਾ ਚਾਹੀਦਾ ਹੈ। ਭਾਈ ਮੰਗਲ ਸਿੰਘ ਜੀ ਨੇ ਉੱਤਰ ਦਿੱਤਾ ਕਿ ਮੇਰੇ ਜੀਵਨ ਵਿਚ ਸਭ ਤੋਂ ਵੱਡੀ ਘਾਟ ਇਹ ਹੈ ਕਿ ਅਜੇ ਤੱਕ ਔਲਾਦ ਨਹੀਂ ਹੋਈ ਇਕ ਪੁੱਤਰ ਦੀ ਡਾਹਢੀ ਲੋੜ ਹੈ।

ਅੱਗੋਂ ਸਵਾਮੀ ਲਛਮਣ ਦਾਸ ਜੀ ਕਹਿਣ ਲੱਗੇ ਕਿ ਜੇ ਇਕ ਤੋਂ ਵੱਧ ਪੁੱਤਰ ਹੋ ਜਾਣ ਤਾਂ ਸਾਨੂੰ ਭੀ ਚੇਲਾ ਬਨਾਉਣ ਲਈ ਕੋਈ ਪੁੱਤਰ ਦੇਵੇਂਗਾ? ਤਾਂ ਭਾਈ ਮੰਗਲ ਸਿੰਘ ਜੀ ਨੇ ਨਿਮਰਤਾ ਨਾਲ ਹੱਥ ਜੋੜ ਸਿਰ ਨਿਵਾ ਕੇ ਆਖਿਆ, ਸੁਆਮੀ ਜੀ, ਜ਼ਰੂਰ ਦਿਆਂਗਾ।

ਮਹਾਪੁਰਖਾਂ ਦੀ ਅਸੀਸ ਸਦਕਾ ਅਕਾਲ ਪੁਰਖ ਨੇ ਮਿਹਰ ਕੀਤੀ ਪਹਿਲਾਂ ਲੜਕਾ ਬੇਅੰਤ ਸਿੰਘ ਹੋਇਆ ਜੋ ਮੰਗਲ ਸਿੰਘ ਨੇ ਆਪਣੇ ਪਾਸ ਰੱਖਿਆ।

ਫਿਰ ਦੂਜਾ ਲੜਕਾ ਹੋਇਆ ਉਹ ਸਵਾਮੀ ਜੀ ਦੀ ਭੇਟਾ ਕਰ ਦਿੱਤਾ ਗਿਆ। ਜੋ ਬਾਅਦ ਵਿਚ ਗੁਰੂ ਨਾਨਕ ਪੰਥੀ ਉਦਾਸੀ ਸੰਪਰਦਾਇ ਦੇ ਸ਼੍ਰੋਮਣੀ ਸੰਤ ਬਾਬਾ ਗੁਲਾਬ ਦਾਸ ਜੀ ਬਣੇ। ਜਿਨਾਂ ਦੇ ਨਾਂਅ ਦਾ ਡੇਰਾ ਜੱਬੀ ਵਾਲਾ ਅੱਜ ਯਮੁਨਾ ਨਗਰ ਹਰਿਆਣਾ ਵਿਚ ਕਾਇਮ ਹੈ।

ਫਿਰ ਤੀਜਾ ਲੜਕਾ ਭਾਈ ਤਖਤ ਸਿੰਘ ਹੋਇਆ ਉਹ ਭੀ ਘਰ ਵਾਲਿਆਂ ਘਰ ਹੀ ਰੱਖਿਆ। ਜੋ ਬਹੁਤ ਪ੍ਰਸਿੱਧ ਹੋਇਆ। ਚੌਥਾ ਲੜਕਾ ਫਿਰ ਸੁਆਮੀ ਜੀ ਬਾਬਾ ਲਛਮਣ ਦਾਸ ਜੀ ਨੂੰ ਭੇਂਟ ਕਰ ਦਿੱਤਾ ਗਿਆ ਜੋ ਉਦਾਸੀ ਸੰਪਰਦਾਇ ਵਿਚ ਸੁਆਮੀ ਬਾਬਾ ਨਿਹਾਲ ਦਾਸ ਜੀ ਦੇ ਨਾਂਅ 'ਤੇ ਪ੍ਰਸਿੱਧ ਹੋਏ। ਪੰਜਵਾਂ ਸਭ ਤੋਂ ਛੋਟਾ ਲੜਕਾ

ਭਾਈ ਸੁੱਧ ਸਿੰਘ ਜੋ ਪੰਥ ਦੇ ਸ਼੍ਰੋਮਣੀ ਰਾਗੀ ਬਣੇ ਜਿਹਨਾਂ ਦਾ ਜੱਥਾ ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਪੰਥ ਵਿਚ ਉੱਚ ਕੋਟੀ ਦੇ ਦਰਜੇ 'ਤੇ ਹੋਏ। ਜਿਵੇਂ ਕਿ ਪਹਿਲੇ ਦੱਸਿਆ ਗਿਆ ਹੈ ਭਾਈ ਪ੍ਰਧਾਨ ਸਿੰਘ ਭਤੀਜੇ ਸਨ ਤੇ ਚਾਚਾ ਭਾਈ ਸੁੱਧ ਸਿੰਘ ਜੀ ਸਨ। ਭਾਈ ਪ੍ਰਧਾਨ ਸਿੰਘ ਜੀ ਇਸ ਲੇਖ ਦੇ ਲੇਖਕ ਦੇ ਪਿਤਾ ਜੀ ਸਨ।

ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਨੂੰ ਕਲਾਸੀਕਲ ਸੰਗੀਤ ਅਤੇ ਰਬਾਬੀਆਂ ਦੀਆਂ ਪੁਰਾਤਨ ਰੀਤਾਂ 'ਚ ਮੁਹਾਰਤ ਹਾਸਿਲ ਸੀ। ਪੁਰਾਤਨ ਰੀਤਾਂ ਦਾ ਉਨ੍ਹਾਂ ਕੋਲ ਵੱਡਾ ਭੰਡਾਰਾ ਸੀ।

ਪੁਰਾਤਨ ਰੀਤਾਂ ਹੌਲੇ ਹੌਲੇ ਅਲੋਪ ਹੁੰਦੀਆਂ ਜਾ ਰਹੀਆਂ ਸਨ। ਉਨ੍ਹਾਂ ਰੀਤਾਂ ਦਾ ਰਿਕਾਰਡ ਰੱਖਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਕ ਵਾਰੀ ਉੱਦਮ ਕੀਤਾ ਸੀ ਤੇ ਆਪਣੀ ਇਕ ਟੀਮ ਦਿੱਲੀ ਭੇਜੀ ਸੀ ਜਿਨ੍ਹਾਂ ਨੇ ਭਾਈ ਸੁਧ ਸਿੰਘ ਜੀ ਪ੍ਰਧਾਨ ਸਿੰਘ ਜੀ ਤੋਂ ਦੋ ਵਾਰ ਦਿੱਲੀ ਆ ਕੇ ਉਹ ਰੀਤਾਂ ਟੇਪ ਰਿਕਾਰਡ ਕੀਤੀਆਂ ਸਨ। ਭਾਈ ਸੁੱਧ ਸਿੰਘ ਜੀ ਦੇ ਸੁਝਾਅ ਤੇ ਹੀ ਟੀਮ ਨੇ ਭਾਈ ਪ੍ਰਤਾਪ ਸਿੰਘ ਜੀ ਰਾਗੀ ਸੀਸਗੰਜ ਵਾਲੇ (ਜਿਨਾਂ ਨੂੰ ਭਾਈ ਪ੍ਰਤਾਪ ਸਿੰਘ ਲੋਲਾ ਭੀ ਆਖਿਆ ਜਾਂਦਾ ਸੀ) ਤੋਂ ਭੀ ਪਰਾਤਨ ਰੀਤਾਂ ਰਿਕਾਰਡ ਕੀਤੀਆਂ ਸਨ। ਪਰ ਅਫਸੋਸ! ਕਿ ਇਹ ਟੇਪ ਸੰਭਾਲੇ ਨਹੀ ਜਾ ਸਕੇ। ਅਜਿਹੇ ਟੇਪਾਂ ਨੂੰ ਏਅਰ ਕੰਡੀਸ਼ਨ ਕਮਰੇ ਚ ਸਾਂਭ ਕੇ ਰੱਖਣਾ ਪੈਂਦਾ ਹੈ ਨਹੀਂ ਤਾਂ ਉਹ ਗਰਮੀ ਦੇ ਸੇਕ ਨਾਲ ਪੰਘਰ ਕੇ ਆਪਸ ਵਿਚ ਚਿਮਟ ਜਾਂਦੇ ਹਨ। ਰਿਕਾਰਡਿੰਗ ਖਰਾਬ ਹੋ ਜਾਂਦੀ ਹੈ। ਇਨ੍ਹਾਂ ਟੇਪਾਂ ਦਾ ਭੀ ਇਹੀ ਹਸ਼ਰ ਹੋਇਆ।

ਮੇਰੇ ਪਿਤਾ ਜੀ ਭਾਈ ਪ੍ਰਧਾਨ ਸਿੰਘ ਜੀ ਰੋਜਾਨਾ ਕੁਝ ਪੱਤਰੇ. ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਸਨ। 3/4 ਮਹੀਨਿਆਂ ਬਾਅਦ ਪਾਠ ਦਾ ਭੋਗ ਪਾ ਦਿੰਦੇ ਸਨ। ਇਕ ਵਾਰੀ ਮੈਂ ਦੇਖਿਆ ਕਿ ਉਹਨਾਂ ਨੇ ਨਿਸ਼ਾਨੀ ਦੇ ਤੌਰ 'ਤੇ ਪੰਨਿਆ ਅੰਦਰ ਇਕ ਪਰਚੀ ਰੱਖੀ ਹੋਈ ਸੀ ਜਿਸ ਵਿਚ ਇਕ ਸੰਤ ਮਹਾਤਮਾ ਦਾ ਨਾਂਅ ਲਿਖਿਆ ਹੋਇਆ ਸੀ। (ਇਸ ਵੇਲੇ ਇਹ ਨਾਂਅ ਯਾਦ ਨਹੀ ਆ ਰਿਹਾ ਮੇਰੀ ਉਮਰ ਇਸ ਵੇਲੇ 84 ਸਾਲ ਹੋ ਗਈ ਹੈ)

ਮੈਂ ਇਸ ਬਾਰੇ ਉਹਨਾਂ ਕੋਲੋਂ ਪੁੱਛਿਆ ਤੇ ਉਨ੍ਹਾਂ ਦੱਸਿਆ ਕਿ ਇਹ ਮਹਾਤਮਾ ਮੈਨੂੰ ਝੰਗ ਮਘਿਆਣੇ ਮਿਲੇ ਸਨ। ਮੇਰਾ ਕੀਰਤਨ ਸੁਣਨ ਪਿੱਛੋਂ ਉਹਨਾਂ ਨੇ ਮੈਨੂੰ ਪੁੱਛਿਆ, ਪ੍ਰਧਾਨ ਸਿੰਘ ਕੀ ਤੈਨੂੰ ਕੋਈ ਪੁਰਾਤਨ ਰੀਤਾਂ ਭੀ ਯਾਦ ਹਨ?

ਮੈਂ ਕਿਹਾ ਜੀ ਬਹੁਤ ਥੋੜੀਆਂ।

ਉਹ ਕਹਿਣ ਲੱਗੇ ਕਿ ਤੂੰ ਕੋਹਾਟ ਚਲਾ ਜਾ। ਉਥੇ ਇਕ ਵਿਦਵਾਨ ਸੰਤ ਜੀ ਰਹਿੰਦੇ ਹਨ ਜੋ ਤੈਨੂੰ ਪੁਰਾਤਨ ਰੀਤਾਂ ਦਾ ਭੰਡਾਰਾ ਖੁੱਲ੍ਹੇ ਦਿੱਲ ਸਿਖਾ ਦੇਣਗੇ। ਤੂੰ ਉਹਨਾਂ ਕੋਲੋਂ ਕੁਝ ਮਹੀਨੇ ਰਹਿਕੇ ਸਿੱਖ। ਤਾਂ ਮੈਂ ਕਿਹਾ ਜੀ, ਠੀਕ ਹੈ ਪਹਿਲਾਂ ਖਰਚੇ ਦਾ ਇੰਤਜਾਮ ਕਰ ਲਵਾਂ।

ਤਦ ਸੰਤ ਜੀ ਨੇ ਝਟ ਆਪਣੇ ਲਕ ਨਾਲੋਂ ਇਕ ਵਾਸਲੀ ਖੋਲ੍ਹੀ ਜਿਸ ਵਿਚ ਚਾਂਦੀ ਦੇ ਦੋ ਸੌ ਸਿੱਕੇ (ਰੁਪਏ) ਜੋੜ ਕੇ ਬੰਨ੍ਹੇ ਹੋਏ ਸਨ। ਜੋ ਉਹਨਾਂ ਮੇਰੇ ਹਵਾਲੇ ਕਰਕੇ ਕਿਹਾ ਕਿ ਜਾ ਇਹ ਤੇਰੇ ਖਰਚੇ ਲਈ ਕਾਫੀ ਹਨ।

ਬੜਾ ਸਸਤਾ ਜਮਾਨਾ ਸੀ ਅਤੇ ਅੱਠ ਦਸ ਰੁਪਏ ਮਹੀਨੇ ਘਰ ਦੇ ਖਰਚੇ ਲਈ ਪੂਰੇ ਹੋ ਜਾਂਦੇ ਸਨ। ਉਹ ਰੁਪਏ ਲੈ ਕੇ ਮੇਰੇ ਪਿਤਾ ਜੀ ਕੋਹਾਟ ਚਲੇ ਗਏ। ਇਕ ਸਾਲ ਉਨ੍ਹਾਂ ਮਹਾਪੁਰਖਾਂ ਦੀ ਸੇਵਾ ਕਰਕੇ ਉਨ੍ਹਾਂ ਕੋਲੋਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ। ਉਨ੍ਹਾਂ ਰੁਪਏ ਦੇਣ ਵਾਲੇ ਸੰਤਾਂ ਦੀ ਯਾਦ ਵਿਚ ਮੈਂ ਸਹਿਜ ਪਾਠ ਹਰ ਸਾਲ ਕਰਦਾ ਹਾਂ।

ਉਸੇ ਸਮੇਂ ਦੇ ਦੌਰ ਵਿਚ ਇਕ ਹੋਰ ਰਾਗੀ ਜੱਥਾ ਭਾਈ ਜਵਾਲਾ ਸਿੰਘ ਠੱਟੇ ਟਿੱਬੇ ਵਾਲਿਆਂ ਦਾ ਭੀ ਪ੍ਰਸਿੱਧੀ ਪਾ ਚੁੱਕਿਆ ਸੀ। ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ, ਭਾਈ ਜਵਾਲਾ ਸਿੰਘ ਜੀ ਦੇ ਹੀ ਸਪੁੱਤਰ ਹਨ।

ਇਨ੍ਹਾਂ ਪਾਸ ਭੀ ਪੀੜ੍ਹੀ ਦਰ ਪੀੜ੍ਹੀ ਪੁਰਾਤਨ ਰਬਾਬੀ ਰੀਤਾਂ ਦਾ ਖਜਾਨਾ ਸੰਭਾਲਿਆ ਹੋਇਆ ਹੈ।

ਰਬਾਬੀਆਂ ਵਿਚੋਂ ਸਿੰਘ ਸੱਜੇ ਜੱਥਿਆਂ ਵਿਚੋਂ ਭਾਈ ਧਰਮ ਸਿੰਘ ਜ਼ਖ਼ਮੀ ਦਾ ਜੱਥਾ ਭੀ ਦੇਸ ਵਿਦੇਸ ਕੀਰਤਨ ਰਾਹੀਂ ਪ੍ਰਸਿੱਧੀ ਦੀ ਸਿਖਰ ਨੂੰ ਜਾ ਛੂਹਿਆ। ਅੱਜ ਕੱਲ ਉਨ੍ਹਾਂ ਦੇ ਸਾਹਿਬਜਾਦੇ ਭਾਈ ਅਮਰੀਕ ਸਿੰਘ ਜਖਮੀ ਭਰਾਵਾਂ ਤੇ ਭੁਝੰਗੀ ਸਮੇਤ ਦੇਸ ਵਿਦੇਸ ਸੰਗਤਾਂ ਨੂੰ ਰੱਬੀ ਕੀਰਤਨ ਨਾਲ ਜੋੜ ਰਿਹਾ ਹੈ।

ਭਾਈ ਗੁਲਬਾਗ ਸਿੰਘ ਦਿਲਬਾਗ ਸਿੰਘ ਦਾ ਜੱਥਾ ਭੀ ਕਲਾਸੀਕਲ ਸੰਗੀਤ ਤੇ ਪੁਰਾਤਨ ਰੀਤਾਂ ਦਾ ਪੰਥ ਪ੍ਰਸਿੱਧ ਜੱਥਾ ਹੈ। ਇਨ੍ਹਾਂ ਭੀ ਦੇਸ ਵਿਦੇਸ ਸੰਗਤਾਂ ਚ ਖੂਬ ਜੱਸ ਖੱਟਿਆ ਹੈ।

ਮੌਜੂਦਾ ਸਮੇਂ ਦਾ ਬਜ਼ੁਰਗ ਰਾਗੀ ਭਾਈ ਬਲਬੀਰ ਸਿੰਘ (ਸਾਬਕਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ) ਆਪਣੀ ਨਿਵੇਕਲੀ ਪਹਿਚਾਨ ਤੇ ਉੱਚੀ ਸ਼ਾਨ ਨਾਲ ਚੜ੍ਹਦੀ ਕਲਾ ਵਿਚ ਹੈ। ਜਿਨਾਂ ਕੋਲ ਪੁਰਾਤਨ ਰੀਤਾਂ ਦਾ ਅਨਮੋਲ ਭੰਡਾਰਾ ਹੈ। ਜਿਨਾਂ ਨੂੰ ਗੁਰਬਾਣੀ ਭੀ

ਬਹੁਤ ਅਧਿਕ ਹੀ ਕੰਠਸਥ ਹੈ। ਦਸਵੇਂ ਪਾਤਸ਼ਾਹ ਦੀ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਦੀ ਬਾਣੀ ਭੀ ਕਾਫੀ, ਬਲਕਿ ਬਹੁਤ ਜ਼ਿਆਦਾ ਕੰਠ ਹੈ।

ਇਹਨਾਂ ਵਰਨਣ ਕੀਤੇ ਜੱਥਿਆਂ ਵਿਚ ਗੁਰਮਤਿ ਸੰਗੀਤ ਦਾ ਗਿਆਨ ਉੱਚ ਦਰਜੇ ਦਾ ਸੀ ਅਤੇ ਰਾਗਾਂ ਦੀਆਂ ਪੁਰਾਤਨ ਗੀਤਾਂ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਨੇ ਆਪ ਕੀਰਤਨ ਕੀਤਾ ਸੀ ਜੋ ਸਿੱਖਾਂ ਵਿਚ ਸੀਨਾ-ਬ-ਸੀਨਾ ਪ੍ਰਚੱਲਿਤ ਹੋਈਆਂ ਸਨ ਦਾ ਖਜਾਨਾ ਸਾਂਭਿਆ ਪਿਆ ਸੀ।

ਇਹ ਖਜਾਨਾ, ਇਹ ਗੁਣੀ ਸੰਗੀਤਕਾਰ ਆਪਣੇ ਸ਼ਾਗਿਰਦਾਂ ਰਾਹੀਂ ਵੰਡਦੇ ਚਲੇ ਆਏ ਪਰ ਹੌਲੇ-ਹੌਲੇ ਆਮ ਅਜੋਕੇ ਜੱਥਿਆਂ ਵਿਚ ਮਿਹਨਤ, ਰਿਆਜ਼ ਤੇ ਤਪੱਸਿਆ ਦੀ ਘਾਟ ਹੁੰਦੀ ਗਈ ਕਿਉਂ ਜੋ ਥੋੜੇ ਸ਼ਬਦ ਯਾਦ ਕਰਕੇ ਤੇ ਉਹਨਾਂ ਨੂੰ ਸਾਧਾਰਣ ਤੇ ਸੌਖੀਆਂ ਤਰਜ਼ਾਂ 'ਤੇ ਗਾ ਕੇ ਉਹਨਾਂ ਦੀ ਮਾਇਆ ਦੀ ਘਾਟ ਪੂਰੀ ਹੋ ਜਾਂਦੀ ਹੈ। ਪਿਛਲੇ ਕੁਝ ਸਮੇਂ ਤੋਂ ਕਵੀ ਦਰਬਾਰਾਂ ਦੀ ਥਾਂ ਕੀਰਤਨ ਦਰਬਾਰਾਂ ਨੇ ਲੈ ਲਈ ਅਤੇ ਰਾਗੀ ਜੱਥਿਆਂ ਦੀ ਮੰਗ ਵੱਧ ਗਈ।

ਮੈਂ ਗੁਰਮਤਿ ਸੰਗੀਤ ਦੇ ਪ੍ਰੇਮੀਆਂ ਨੂੰ ਅਪੀਲ ਕਰਦਾ ਹਾਂ ਕਿ ਅਜੇ ਭੀ ਜੋ ਗੁਣੀ ਗਿਆਨੀ ਗੁਰਮਤਿ ਸੰਗੀਤਕਾਰ ਸਾਡੇ 'ਚ ਮੌਜੂਦ ਹਨ ਉਹਨਾਂ ਪਾਸੋਂ ਇਹ ਅਮੋਲ ਖ਼ਜਾਨਾ ਸਾਂਭਣ ਦਾ ਯਤਨ ਕਰੀਏ। ਵਕਤ ਕਿਸੇ ਦਾ ਲਿਹਾਜ ਨਹੀਂ ਕਰਦਾ ਤੇ ਮਗਰੋਂ ਅਫਸੋਸ ਲੱਗਦਾ ਹੈ।

# ਸਾਡੇ ਕੀਰਤਨੀਏ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਾਨਕਿਆਣਾ ਰੋਡ, ਸੰਗਰੂਰ

**☛ ਭਾਈ ਸੁਖਦੇਵ ਸਿੰਘ**

ਭਾਈ ਸੁਖਦੇਵ ਸਿੰਘ ਦਾ ਜਨਮ 20/12/65 ਨੂੰ ਗੁਰੂ ਕੀ ਨਗਰੀ ਤਰਨਤਾਰਨ ਵਿਖੇ ਭਾਈ ਨੱਥਾ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਗ੍ਰਹਿ ਵਿਖੇ ਹੋਇਆ। ਪਿਤਾ ਭਾਈ ਨੱਥਾ ਸਿੰਘ ਕੀਰਤਨੀਏ ਸਨ। ਇਸ ਕਰਕੇ ਕੀਰਤਨ ਵਿਰਸੇ ਵਿਚ ਮਿਲਿਆ। ਪ੍ਰਾਇਮਰੀ ਸਿੱਖਿਆ ਤੋਂ ਬਾਅਦ ਗੁਰਬਾਣੀ ਪਾਠ ਦੀ ਸਿੱਖਿਆ ਲਈ ਘਰੇ ਹੀ ਕੀਰਤਨ ਸਿੱਖਣਾ ਸ਼ੁਰੂ ਕੀਤਾ। ਰੇਡੀਓ ਤੋਂ ਭਾਈ ਬਖਸ਼ੀਸ਼ ਸਿੰਘ ਜੀ ਦਾ ਕੀਰਤਨ ਸਰਵਣ ਕੀਤਾ "ਪਾਤੀ ਤੋਰੈ ਮਾਲਨੀ" 'ਧੰਨ ਧੰਨ ਰਾਮਦਾਸ ਗੁਰ' ਸ਼ਬਦ ਸੁਣੇ ਤਾਂ ਬਾਲਕ ਸੁਖਦੇਵ ਸਿੰਘ, ਭਾਈ ਬਖਸ਼ੀਸ਼ ਸਿੰਘ ਦਾ ਦੀਵਾਨਾ ਹੋ ਗਿਆ। ਇਹ ਗੀਤਾਂ ਮਨ ਵਿਚ ਅਜਿਹੀਆਂ ਵਸੀਆ ਕਿ ਸਾਰਾ ਦਿਨ ਗਾਉਂਦਾ ਰਹੇ। ਆਖਰ ਵਾਜੇ ਤੇ ਵੀ ਆਪੇ ਸੁਣ-ਸੁਣ ਕੇ ਹੀ ਕੱਢ ਲਈਆਂ ਅਤੇ ਆਪਣੇ ਕੀਰਤਨ ਵਿਚ ਸ਼ਾਮਲ ਕਰ ਲਈਆਂ ਭਾਈ ਬਖਸ਼ੀਸ਼ ਸਿੰਘ ਜੀ ਦੇ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਕੀਤੇ। ਕੀਰਤਨ ਸਰਵਣ ਕੀਤਾ। ਦਰਸ਼ਨ ਕਰਕੇ ਨਿਹਾਲ ਹੋਏ ਪਰ ਗੱਲਬਾਤ ਨਾ ਹੋ ਸਕੀ। ਮਨ ਕਰਕੇ ਭਾਈ ਸਾਹਿਬ ਦੇ ਸ਼ਾਗਿਰਦ ਹੋ ਗਏ। ਰੇਡੀਓ ਤੋਂ ਉਨ੍ਹਾਂ ਦੇ ਸ਼ਬਦ ਸੁਣਕੇ ਉਸੇ ਸ਼ੈਲੀ ਵਿਚ ਗਾਉਂਦੇ। ਭਾਈ ਕਿਸ਼ਨ ਸਿੰਘ ਸ਼ਾਂਤ ਜੀ ਕੋਲੋਂ ਤਿੰਨ ਸਾਲ ਸੰਗੀਤ ਦੀ ਸਿੱਖਿਆ ਲਈ, ਰਾਗ ਅਤੇ ਸੁਰ ਤਾਲ ਦਾ ਖੂਬ ਅਭਿਆਸ ਕੀਤਾ। ਜਿਸ ਨਾਲ ਰਾਗ ਅਤੇ ਤਾਲ ਉਪਰ ਪਕੜ ਮਜ਼ਬੂਤ ਹੋਈ। ਇਕ ਵਾਰ ਭਾਈ ਬਖਸ਼ੀਸ਼ ਸਿੰਘ ਜੀ ਜਲੰਧਰ ਰੇਡੀਓ ਸਟੇਸ਼ਨ ਤੇ ਆਏ ਤਾਂ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਮੁਲਾਕਾਤ ਹੋਈ। ਭਾਈ ਮੁਖਤਿਆਰ ਸਿੰਘ ਨੇ ਮਿਲਾਇਆ ਤਾਂ ਭਾਈ ਬਖਸ਼ੀਸ਼ ਸਿੰਘ ਆਪਣੇ ਖੁੱਲ੍ਹੇ ਡੁੱਲ੍ਹੇ ਸੁਭਾਅ ਅਨੁਸਾਰ ਪਟਿਆਲੇ ਆਉਣ ਦਾ ਸੱਦਾ ਦਿੱਤਾ। ਇਸ ਕਰਕੇ ਪਟਿਆਲੇ ਆਉਣ ਜਾਣ ਬਣਿਆ ਤਾਂ ਭਾਈ ਸਾਹਿਬ ਸਹਾਇਕ ਰਾਗੀ ਵਜੋਂ ਨਾਲ ਲੈ ਜਾਂਦੇ। ਇਸ ਤਰ੍ਹਾਂ ਉਨ੍ਹਾਂ ਨਾਲ ਬੈਠ ਕੇ ਉਨ੍ਹਾਂ ਨਾਲ ਗਾਉਣ ਅਤੇ ਸੁਣਨ ਦਾ ਸੁਭਾਗ ਸਮਾਂ ਬਣਦਾ ਰਿਹਾ। ਭਾਈ ਬਖਸ਼ੀਸ਼ ਸਿੰਘ ਜੀ ਨੇ ਆਪਣੇ ਪਿਤਾ ਭਾਈ ਕ੍ਰਿਪਾਲ ਸਿੰਘ ਜੋ ਬਾਦ ਵਿਚ ਬਹੁਤਾ ਸਮਾਂ ਗੁਰਦੁਆਰਾ ਸਾਹਿਬ ਸਹਾਰਨਪੁਰ ਵਿਖੇ ਰਹੇ। ਘਰ ਲਿਆ ਕੇ ਛੋਟੇ ਭਰਾ ਗੁਰਦੀਪ ਸਿੰਘ ਗੁਰਮੁਖ ਸਿੰਘ ਤੇ ਸੁਖਦੇਵ ਸਿੰਘ ਦਾ ਜੱਥਾ ਬਣਾ ਸ੍ਰੀ ਤਰਨਤਾਰਨ ਸਾਹਿਬ ਵਿਖੇ ਸੇਵਾ ਤੇ ਲਾ ਦਿੱਤਾ। ਭਾਈ ਸੁਖਦੇਵ ਸਿੰਘ ਨੇ ਗਿਆਰਾਂ ਸਾਲ ਜਬਲਪੁਰ ਅਤੇ ਕਲਕੱਤਾ ਆਦਿ ਸ਼ਹਿਰਾਂ ਵਿਚ ਕੀਰਤਨ ਦੀ ਸੇਵਾ ਕੀਤੀ। ਅੱਜ ਕੱਲ ਅਬੋਹਰ ਵਿਖੇ ਕੀਰਤਨ ਦੀ ਸੇਵਾ ਕਰ ਰਹੇ ਹਨ। ਸਾਥੀ ਭਾਈ ਕੁਲਵੰਤ ਸਿੰਘ ਅਤੇ ਭਾਈ ਗੁਰਦੀਪ ਸਿੰਘ ਤਬਲਾਵਾਦਕ ਹਨ। ਜਵੱਦੀ ਕਲਾਂ ਗੁਰਮਤਿ ਸੰਗੀਤ ਸੰਮੇਲਨ ਵਿਚ ਸ੍ਰੀ ਰਾਗ ਵਿਚ ਰਾਜਾ ਰਾਮ ਅਨਹਦ ਕਿੰਗੁਰੀ ਵਾਜੇ। ਬੰਦਸ਼ ਭਾਈ ਬਖਸ਼ੀਸ਼ ਸਿੰਘ ਜੀ ਅਤੇ ਰਾਗ ਮਾਝ ਵਿਚ, ਮਨ ਤਨ ਤੇਰਾ ਧਨ ਭੀ ਤੇਰਾ, ਤੋਂ ਬਿਨਾਂ ਰਾਗ ਪ੍ਰਭਾਤੀ ਅਤੇ ਬਿਲਾਵਲ ਵੀ ਗਾਇਆ। ਸੁਖਦੇਵ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਰਾਗ ਗਾ ਲੈਂਦੇ ਹਨ ਪਰ ਵਡਹੰਸ, ਭੈਰਵੀ ਕਾਫੀ ਮਨ ਪਸੰਦ ਦੇ ਰਾਗ ਹਨ। ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਫਿਰੋਜਪੁਰ ਵਿਚ ਲਗਾਤਾਰ ਚਾਰ ਸਾਲ ਸ਼੍ਰੋਮਣੀ ਟਕਸਾਲੀ ਰਾਗੀ 2000 ਦਾ ਅਵਾਰਡ ਮਿਲਿਆ। ਭਾਈ ਗੁਰਮੀਤ ਸਿੰਘ ਸ਼ਾਂਤ ਵੱਲੋਂ ਕਰਵਾਏ ਕੀਰਤਨ ਦਰਬਾਰ ਵਿਚ ਰੱਖੇ ਭਾਈ ਸੰਤਾ ਸਿੰਘ, ਭਾਈ ਜੱਸਾ ਸਿੰਘ, ਭਾਈ ਪਾਲਾ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਸਮੁੰਦ ਸਿੰਘ ਅਵਾਰਡ ਵਿਚੋਂ ਭਾਈ ਬਖਸ਼ੀਸ਼ ਸਿੰਘ ਅਵਾਰਡ ਮਿਲਿਆ।

ਪਰਿਵਾਰ ਵਿਚ ਧਰਮ ਪਤਨੀ ਤੋਂ ਸਿਵਾ ਇਕ ਗਿਆਰਾਂ ਸਾਲ ਦਾ ਪੁੱਤਰ ਹੈ ਜਿਸ ਨੂੰ ਹੁਣ ਤੋਂ ਹੀ ਤਬਲੇ ਦੀ ਤਾਲੀਮ ਸ਼ੁਰੂ ਕਰ ਦਿੱਤੀ ਹੈ। ਤਾਲ ਦੀ ਪਕਿਆਈ ਤੋਂ ਬਾਅਦ ਰਾਗ ਦੀ ਆਮਦ ਸੌਖੀ ਹੁੰਦੀ ਹੈ। ਅਜੋਕੇ ਕੀਰਤਨ ਦੇ ਮਿਆਰ ਬਾਰੇ ਗੱਲ ਕਰਨ ਤੇ ਕਿਹਾ ਕਿ ਜਦ ਰਾਗ ਦਾ ਸ਼ਬਦ ਗਾਓ ਤਾਂ ਹਾਲ ਖਾਲੀ ਹੋ ਜਾਂਦੈ ਲਾਈਟ ਗੀਤ ਪੜ੍ਹੋ ਤਾਂ ਸੰਗਤ ਪਸੰਦ ਕਰਦੀ ਹੈ। ਗਾਉਣਾ ਤਾਂ ਸੰਗਤ ਵਾਸਤੇ ਹੈ। ਜਦ ਸਰੋਤੇ ਦਾ ਮਿਆਰ ਹੀ ਹੇਠਾਂ ਆ ਗਿਆ ਤਾਂ ਗਾਇਕ ਕੀ ਕਰੇ। ਜਿੱਥੇ ਸੰਗਤ ਸੁਣਦੀ ਹੈ ਉਥੇ ਗਾਉਂਦੇ ਹਾਂ ਜੀ ਲਾ ਕੇ। ਬਾਕੀ ਸੰਸਾਰੀ ਜੀਵ ਹਾਂ ਮਾਇਆ ਕਾਰਨ ਵੀ ਤਾਲ ਪੂਰਨੇ ਪੈਂਦੇ ਹਨ। ਜੇਕਰ ਮਨੁੱਖ ਮੁਢਲੀਆਂ ਲੋੜਾਂ ਵਲੋਂ ਨਿਸ਼ਚਿੰਤ ਰਹੇ ਫਿਰ ਸ਼ਬਦ

ਨਾਲ ਜੁੜਿਆ ਜਾਂਦਾ ਹੈ। ਜੇ ਰੋਜੀ ਰੋਟੀ ਦਾ ਹੀ ਫਿਕਰ ਰਹੇ ਤਾਂ ਰਾਗ ਤਾਲ ਦੂਸਰੇ ਸਥਾਨ 'ਤੇ ਆ ਜਾਂਦਾ ਹੈ। ਭਾਈ ਸੁਖਦੇਵ ਸਿੰਘ ਦੇ ਮਨ ਵਿਚ ਭਾਈ ਬਖਸ਼ੀਸ਼ ਸਿੰਘ ਜੀ ਲਈ ਅਥਾਹ ਸ਼ਰਧਾ ਅਤੇ ਸਤਿਕਾਰ ਹੈ। ਆਪਣੇ ਵਿਜਟਿੰਗ ਕਾਰਡ ਉਪਰ ਵੀ ਭਾਈ ਬਖਸ਼ੀਸ਼ ਸਿੰਘ ਦੀ ਫੋਟੋ ਛਪਾ ਕੇ ਲਿਖਿਆ ਹੈ ਰਾਗੀ ਜੱਥਾ ਭਾਈ ਸੁਖਦੇਵ ਸਿੰਘ ਸਾਥੀ ਭਾਈ ਬਖਸ਼ੀਸ਼ ਸਿੰਘ। ਪਿਛਲੇ ਦਿਨੀ ਸ੍ਰੀ ਗੁਰੂ ਸਿੰਘ ਸਭਾ ਸੰਗਰੂਰ ਵਿਖੇ ਆਏ ਤਾਂ ਨਾਲ ਭਾਈ ਗੁਰਦੀਪ ਸਿੰਘ ਜੀ ਸਨ ਮੇਰੇ ਰੁਝੇਵਿਆਂ ਕਰਕੇ ਮੁਲਾਕਾਤ ਨਾ ਹੋ ਸਕੀ। ਸਿਰਫ ਟੈਲੀਫੋਨ ਤੇ ਗੱਲਬਾਤ ਹੋਈ। ਸੰਗਤਾਂ ਨੇ ਕੀਰਤਨ ਦੀ ਬੜੀ ਪ੍ਰਸੰਸਾ ਕੀਤੀ ਅਤੇ ਕਿਸੇ ਗੁਰਪੁਰਬ ਸਮੇਂ ਬੁਲਾਉਣ ਦੀ ਮੰਗ ਕੀਤੀ। ਜਦੋਂ ਭਾਈ ਸੁਖਦੇਵ ਸਿੰਘ ਕੀਰਤਨ ਕਰਦੇ ਹਨ ਤਾਂ ਭਾਈ ਬਖਸ਼ੀਸ਼ ਸਿੰਘ ਦੀ ਸਿਮਰਤੀ ਸਾਹਮਣੇ ਰਹਿੰਦੀ ਹੈ। ਅਕਾਲ ਪੁਰਖ ਕੀਰਤਨ ਦੀ ਹੋਰ ਸੇਵਾ ਕਰਨ ਦਾ ਬਲ ਬਖਸ਼ੀਂ।

**☛ ਭਾਈ ਸੁਖਵੰਤ ਸਿੰਘ ਜਵੱਦੀ ਕਲਾਂ**

ਜਦੋਂ ਵੀ ਨਿਰਧਾਰਤ ਰਾਗਾਂ ਵਿਚ ਬਾਣੀ ਗਾਇਨ ਕਰਨ ਦਾ ਜਿਕਰ ਚਲਦਾ ਹੈ ਤਾਂ ਝਟ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਾਲਿਆਂ ਵਲੋਂ ਕਰਵਾਏ ਅਦੁਤੀ ਗੁਰਮਤਿ ਸੰਗੀਤ ਸੰਮੇਲਨ ਸਿਮਰਤੀ ਵਿਚ ਆ ਜਾਂਦੇ ਹਨ ਜਿਨਾਂ ਵਿਚ ਨਾਮੀ ਗਿਰਾਮੀ ਰਾਗੀਆਂ ਅਤੇ ਸੰਗੀਤਕਾਰਾਂ ਕੋਲੋਂ ਨਿਰਧਾਰਤ ਰਾਗਾਂ ਵਿਚ ਗੁਰਬਾਣੀ ਦਾ ਗਾਇਨ ਕਰਵਾਇਆ ਅਤੇ ਨਵੇਂ ਸਿਖਾਂਦਰੂਆਂ ਲਈ ਪਥ ਪ੍ਰਦਰਸ਼ਕ ਬਣੇ। ਇਸੇ ਕਰਕੇ ਅੱਜ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵਦੀ ਟਕਸਾਲ ਦਾ ਰੁਤਬਾ ਪਾ ਗਿਆ। ਇਸ ਟਕਸਾਲ ਵਿਚ ਘੜੇ ਜਾਂਦੇ ਹਨ ਗੁਰਮਤਿ ਸੰਗੀਤ ਦੇ ਹੀਰੇ, ਜਿਨਾਂ ਨੇ ਕੱਲ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਦੇ ਨਾਲ ਕੀਰਤਨ ਪਰੰਪਰਾ ਕਾਇਮ ਰੱਖਣੀ ਹੈ। ਅਜਿਹਾ ਕੁਝ ਤਰਾਸ਼ਣ ਵਿਚ ਨਿਪੁੰਨ ਅਤੇ ਸੁਹਿਰਦ ਸ਼ਖਸੀਅਤ ਪ੍ਰਿੰ. ਭਾਈ ਸੁਖਵੰਤ ਸਿੰਘ ਹੈ। ਪ੍ਰਿੰ. ਭਾਈ ਸੁਖਵੰਤ ਸਿੰਘ ਜੀ ਦਾ ਜਨਮ ਅਪ੍ਰੈਲ 1972 ਵਿਚ ਸ. ਜਗੀਰ ਸਿੰਘ ਮਾਤਾ ਬੀਬੀ ਮਨਜੀਤ ਕੌਰ ਦੇ ਤਰਨਤਾਰਨ ਵਿਖੇ ਹੋਇਆ। 10+2 ਨਾਨ ਮੈਡੀਕਲ ਪਹਿਲੇ ਦਰਜੇ ਵਿਚ ਪਾਸ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਗਿਆਨੀ ਪਾਸ ਕੀਤੀ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਲੋਂ ਦੋ ਸਾਲ ਦਾ ਸੰਗੀਤ ਕੋਰਸ ਪਹਿਲੇ ਨੰਬਰ ਤੇ ਰਹਿ ਕੇ ਪਾਸ ਕੀਤਾ। ਦੱਸਿਆ ਗਿਆ ਕਿ ਕਾਲਜ ਦੀ ਇਹ ਰੀਤ ਹੈ ਜੋ ਵਿਦਿਆਰਥੀ ਅਵੱਲ ਆਉਂਦਾ ਹੈ ਉਸਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਮਿਲਦੀ ਹੈ। ਬਚਪਨ ਤੋਂ ਹੀ ਸੁਖਵੰਤ ਸਿੰਘ ਵਿਚ ਗੁਣ ਗ੍ਰਹਿਣ ਕਰਨ ਦੀ ਅਥਾਹ ਲਗਨ ਅਤੇ ਲਾਲਸਾ ਸੀ। ਸ਼ੁਰੂ ਵਿਚ ਭਾਈ ਸਰਵਨ ਸਿੰਘ ਹੈੱਡ ਰਾਗੀ ਤਰਨਤਾਰਨ ਵਾਲਿਆਂ ਪਾਸੋਂ ਗੁਰਮਤਿ ਸੰਗੀਤ ਸਿੱਖਿਆ। ਬਾਅਦ ਵਿਚ ਬੰਗਾਲ ਵਿਚ ਕਲਕੱਤੇ ਵਿਖੇ ਨਾਮਵਰ ਗਾਇਕ ਉਸਤਾਦ ਪੰ: ਮਦਨ ਮੋਹਨ ਜੀ ਪਾਸੋਂ ਗਾਇਨ ਦੀ ਤਾਲੀਮ ਲਈ। ਪੰਡਤ ਜੀ ਕਿਹਾ ਕਰਦੇ ਸਨ ਕਿ ਇਹ ਪਹਿਲਾ ਸਿੱਖ ਵਿਦਿਆਰਥੀ ਹੈ ਜੋ ਮੇਰੇ ਕੋਲੋਂ ਸਿਖ ਰਿਹਾ ਹੈ। ਇਸ ਨੂੰ ਸਿੱਖਣ ਅਤੇ ਰਿਆਜ਼ ਕਰਨ ਦਾ ਸ਼ੌਕ ਹੈ। ਇਹ ਸੁਖਵੰਤ ਸਿੰਘ ਇਕ ਦਿਨ ਜ਼ਰੂਰ ਮੇਰਾ ਅਤੇ ਆਪਣਾ ਨਾਮ ਚਮਕਾਵੇਗਾ। ਉਨ੍ਹਾਂ ਨੇ ਵੀ ਬਿਨਾਂ ਕੁਝ ਉਹਲਾ ਰੱਖੇ ਗਾਇਕੀ ਦੇ ਸਾਰੇ ਗੁਰ, ਰਾਗ ਬਾਰੇ, ਰਿਆਜ਼ ਬਾਰੇ ਸੁਰ ਅਤੇ ਤਾਲ ਬਾਰੇ ਆਪਣੇ ਗਿਆਨ ਦੇ ਖਜਾਨੇ ਦੇ ਸਾਰੇ ਮੋਤੀ ਸੁਖਵੰਤ ਸਿੰਘ ਅੱਗੇ ਖਿਲਾਰ ਦਿੱਤੇ। ਸੁਖਵੰਤ ਸਿੰਘ ਨੇ ਵੱਧ ਤੋਂ ਵੱਧ ਉਨ੍ਹਾਂ ਦੀਆਂ ਬੰਦਸ਼ਾਂ ਰਾਗ ਅਤੇ ਸਟਾਈਲ ਨੂੰ ਆਪਣੇ ਕਠਿਨ ਰਿਆਜ਼ ਨਾਲ ਆਪਣੇ ਗਲੇ ਅਤੇ ਜਿਹਨ ਵਿਚ ਸਮਾ ਲਿਆ। ਇਸੀ ਸਮੇਂ ਦੌਰਾਨ ਗੁਰਦੁਆਰਾ ਬੜੀ ਸਿੱਖ ਸੰਗਤ ਕਲਕੱਤਾ ਵਿਖੇ ਆਪ ਬਤੌਰ ਹੈੱਡ ਰਾਗੀ ਦੀ ਸੇਵਾ ਨਿਭਾਉਂਦੇ ਰਹੇ। ਇਸ ਸਮੇਂ ਭਾਈ ਜਸਪਾਲ ਸਿੰਘ ਤਬਲਾ ਵਾਦਕ ਆਪ ਦੇ ਸਾਥੀ ਸਨ।

1991 ਵਿਚ ਸੰਤ ਬਾਬਾ ਸੁੱਚਾ ਸਿੰਘ ਜਵੱਦੀ ਵਾਲਿਆਂ ਦੇ ਦਰਸ਼ਨ ਕਰਕੇ ਸੰਗਤ ਕਰਨ ਦੀ ਖਿੱਚ ਪੈਦਾ ਹੋਈ। ਭਾਈ ਮਹਿੰਦਰ ਸਿੰਘ ਜੀ ਜੋ ਬਾਬਾ ਜੀ ਦੇ ਸੇਵਕ ਸਨ ਉਨ੍ਹਾਂ ਰਾਹੀਂ 1994 ਦਸੰਬਰ ਵਿਚ ਜਵੱਦੀ ਕਲਾਂ ਵਿਖੇ ਬਾਬਾ ਜੀ ਕੋਲ ਆ ਗਏ। ਉਨ੍ਹਾਂ ਦਿਨਾਂ ਵਿਚ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਇਥੇ ਹੀ ਸਨ। ਬਾਬਾ ਜੀ ਦੇ ਉਚੇ ਸੁੱਚੇ ਸੰਜਮੀ ਅਤੇ ਅਧਿਆਤਮਕ ਜੀਵਨ ਦਾ ਭਾਈ ਸੁਖਵੰਤ ਸਿੰਘ 'ਤੇ ਬੜਾ ਅਸਰ ਪਿਆ। ਸੁਰ ਸਾਧਨਾ ਦੇ ਨਾਲ ਨਾਲ ਸ਼ਬਦ ਸਾਧਨਾ ਵੀ ਹੋਣ ਲੱਗੀ। ਇਸਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਬਾਬਾ ਜੀ ਕਿਹਾ ਕਰਦੇ ਸਨ ਕਿ ਰਾਗੀ ਲਈ ਜਿਥੇ ਰਾਗ ਦੀ ਸਾਧਨਾ ਜ਼ਰੂਰੀ ਹੈ ਉਥੇ ਸ਼ਬਦ ਸਿਮਰਨ ਦੀ ਸਾਧਨਾ ਵੀ ਜ਼ਰੂਰੀ ਹੈ। ਇਸਦਾ ਅਸਰ ਸੰਗਤ 'ਤੇ ਪੈਂਦਾ ਹੈ। ਆਮ ਰਾਗੀਆਂ ਦੇ ਕੀਰਤਨ ਦਾ ਸੰਗਤ 'ਤੇ ਪ੍ਰਭਾਵ ਨਾ ਪੈਣ ਦਾ ਕਾਰਨ ਸਿਮਰਨ ਦੀ ਘਾਟ ਹੈ। ਭੰਵਰਾ ਜੀ ਤੋਂ ਲਗਾਤਾਰ ਸੱਤ ਸਾਲ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਭੰਵਰਾ ਜੀ ਵੀ

ਸੰਗੀਤ ਦੇ ਸਮੁੰਦਰ ਹਨ। ਬੜਾ ਪ੍ਰਾਚੀਨ ਵਿਰਸਾ ਸੰਭਾਲੀ ਬੈਠੇ ਸਨ। ਉਹ ਪ੍ਰਸਾਦ ਰੂਪ ਵਿਚ ਭਾਈ ਸੁਖਵੰਤ ਸਿੰਘ ਦੀ ਝੋਲੀ ਵਿਚ ਪਾ ਕੇ ਅਸ਼ੀਰਵਾਦ ਦਿੱਤਾ।

ਬਾਬਾ ਜੀ ਦੇ ਹੁਕਮ ਅਨੁਸਾਰ ਜਿਥੇ ਹਰ ਰੋਜ਼ ਦਰਬਾਰ ਵਿਚ ਕੀਰਤਨ ਦੀ ਸੇਵਾ ਨਿਭਾਉਂਦੇ ਉਥੇ 1997 ਤੋਂ ਨਾਲ ਹੀ ਕੀਰਤਨ ਸਿਖਾਉਣ ਦੀ ਸੇਵਾ ਵੀ ਸ਼ੁਰੂ ਕੀਤੀ ਜੋ ਨਿਰੰਤਰ ਜਾਰੀ ਹੈ। ਸੱਤ ਸੌ ਦੇ ਕਰੀਬ ਵਿਦਿਆਰਥੀ ਇਨਾਂ ਪਾਸੋਂ ਸੰਗੀਤ ਦੀ ਸਿੱਖਿਆ ਲੈ ਚੁੱਕੇ ਹਨ। ਛੋਟੀ ਉਮਰ ਵਿਚ ਬਹੁਤ ਵੱਡੀ ਪ੍ਰਾਪਤੀ ਹੈ। ਇਸੇ ਸਮੇ ਦੌਰਾਨ ਭਾਈ ਸੁਖਵੰਤ ਸਿੰਘ ਨੇ ਗਾਇਨ ਅਤੇ ਤਬਲੇ ਵਿਚ ਸੰਗੀਤ ਵਿਸ਼ਾਰਦ ਦੀ ਡਿਗਰੀ ਪਾਸ ਕੀਤੀ ਅਤੇ ਡਿਪਲੋਮਾ ਇਨ ਗੁਰਮਤਿ ਸੰਗੀਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗੋਲਡ ਮੈਡਲਿਸਟ ਹੋ ਕੇ ਪਹਿਲੇ ਬੈਚ ਵਿਚ ਕੀਤਾ। ਵਿਹਲੇ ਰਹਿਣਾ ਸੁਖਵੰਤ ਸਿੰਘ ਦੀ ਡਿਕਸ਼ਨਰੀ ਵਿਚ ਨਹੀਂ ਹੈ। ਆਪਣੇ ਆਪ ਨੂੰ ਸਦਾ ਰੁੱਝਿਆ ਰੱਖਦੇ। ਕਦੇ ਰਿਆਜ਼ ਵਿਚ ਕਦੇ ਸੇਵਾ ਵਿਚ। 1994 ਵਿਚ ਉਸਤਾਦ ਕੁਲਵਿੰਦਰ ਸਿੰਘ ਤਬਲਾ ਨਿਵਾਜ਼ ਜੋ ਉਸਤਾਦ ਅਲਾ ਰੱਖਾ ਸਾਹਿਬ ਦੇ ਸ਼ਾਗਿਰਦ ਹਨ ਉਨ੍ਹਾਂ ਨਾਲ ਕਨੇਡਾ ਗਏ। ਉਥੇ ਆਪਣੇ ਇਕ ਸਾਲ ਦੇ ਸਮੇਂ ਵਿਚ 300 ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਅਕੈਡਮੀ ਸਥਾਪਤ ਕੀਤੀ ਜੋ ਅੱਜ ਤੱਕ ਚੱਲ ਰਹੀ ਹੈ। ਭਾਈ ਜਸਪਾਲ ਸਿੰਘ ਤੇ ਹੋਰ ਸੀਨੀਅਰ ਵਿਦਿਆਰਥੀ ਇਸ ਲੜੀ ਨੂੰ ਜਾਰੀ ਰੱਖੇ ਹੋਏ ਸਨ। ਭਾਈ ਸੁਖਵੰਤ ਸਿੰਘ ਹਰ ਕਿਸਮ ਦੇ ਤੰਤੀ ਸਾਜ ਵਜਾਉਣ ਦੀ ਮੁਹਾਰਤ ਰੱਖਦੇ ਹਨ। ਇਲੈਕਟ੍ਰੌਨਿਕ ਸਾਜਾਂ ਨੂੰ ਭਾਰਤੀ ਸੰਗੀਤ ਅਨੁਸਾਰ ਵਰਤਣ ਦੀ ਕਲਾ ਜਾਣਦੇ ਹਨ। ਗੁਰਮਤਿ ਸੰਗੀਤ ਸਟੂਡੈਂਟ ਫੋਰਮ ਪੰਜਾਬ ਦੇ ਪ੍ਰਧਾਨ ਹਨ। ਆਪ ਚੰਗੇ ਬੁਲਾਰੇ ਹੋਣ ਦੇ ਨਾਲ ਨਾਲ ਕਲਮ ਦੇ ਧਨੀ ਵੀ ਹਨ। ਆਪਦੇ ਆਰਟੀਕਲ ਅਖ਼ਬਾਰਾਂ, ਮੈਗਜ਼ੀਨ ਵਿਚ ਅਕਸਰ ਛਪਦੇ ਰਹਿੰਦੇ ਹਨ। ਗੁਰੂ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੀਆਂ ਸੰਗੀਤ ਪ੍ਰਤੀ ਪ੍ਰਕਾਸ਼ਨਾਵਾਂ ਵਿਚ ਵਿਸ਼ੇਸ਼ ਯੋਗਦਾਨ ਹੈ।

"ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਭਾਗ ਦੂਜਾ ਦੀ ਸੰਪਾਦਨਾ ਕੀਤੀ ਅਤੇ ਕੀਰਤਨ ਅਤੇ ਕੀਰਤਨੀਆਂ ਲਈ ਬੇਅੰਤ ਪ੍ਰਮਾਣ ਅਤੇ ਖੋਜ ਭਰਪੂਰ ਲੇਖ ਲਿਖ ਕੇ ਸਫਲ ਲਿਖਾਰੀ ਹੋਣ ਦਾ ਸਬੂਤ ਦਿੱਤਾ।

ਭਾਈ ਸੁਖਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੇ ਰਾਗ ਅਤੇ ਬਾਕੀ ਸੰਗੀਤਕ ਸਮੱਗਰੀ ਗਾਇਨ ਦੀ ਸਮਰੱਥਾ ਰੱਖਦੇ ਹਨ। ਇਨ੍ਹਾਂ ਦੇ ਵਿਦਿਆਰਥੀਆਂ ਦੀਆਂ 7 ਕੈਸਟਾਂ ਮਾਰਕੀਟ ਵਿਚ ਚਲ ਰਹੀਆਂ ਹਨ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਸਮੇਂ ਅਤੇ ਟਕਸਾਲ ਵਿਚ ਹੋਣ ਵਾਲੇ ਸਮਾਗਮਾਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਨਿਭਾਉਂਦੇ ਹਨ। ਅੱਜਕੱਲ ਇਕ ਸੌ ਦੇ ਕਰੀਬ ਵਿਦਿਆਰਥੀ ਟਕਸਾਲ ਵਿਚ ਰਹਿ ਕੇ ਵਿੱਦਿਆ ਸਿੱਖ ਰਹੇ ਹਨ। ਉਨ੍ਹਾਂ ਦੇ ਲੰਗਰ ਪਾਣੀ ਅਤੇ ਰਿਹਾਇਸ਼ ਟਕਸਾਲ ਵੱਲੋਂ ਪ੍ਰਬੰਧ ਕੀਤਾ ਜਾਂਦਾ ਹੈ। ਸੰਤ ਸੁੱਚਾ ਸਿੰਘ ਜੀ ਦੇ ਅਚਾਨਕ ਅਕਾਲ ਚਲਾਣਾ ਕਰਨ ਨਾਲ ਭਾਈ ਸੁਖਵੰਤ ਸਿੰਘ ਦੇ ਮਨ ਤੇ ਬਹੁਤ ਅਸਰ ਹੋਇਆ। ਬਾਬਾ ਜੀ ਦੇ ਹੁਕਮ ਵਿਚ ਰਹਿ ਕੇ ਜੀਵਨ ਜਾਚ ਗੁਰਸਿੱਖੀ ਢਾਂਚੇ ਵਿਚ ਢਾਲ ਰਹੇ ਸਨ। ਰਹਿਨੁਮਾ ਚਲੇ ਗਏ ਇਕ ਵਾਰ ਤਾਂ ਇਉਂ ਲੱਗਿਆ ਜਿਵੇਂ ਸੁਖਵੰਤ ਸਿੰਘ ਯਤੀਮ ਤੇ ਬੇ-ਸਹਾਰਾ ਹੋ ਗਿਆ ਹੋਵੇ। ਸੰਗਤਾਂ ਦੇ ਸਹਿਯੋਗ ਨਾਲ ਬਾਬਾ ਜੀ ਦੀ ਸੋਚ ਦੀ ਪੂਰਤੀ ਲਈ ਆਪਣਾ ਆਪ ਪੂਰੀ ਤਰ੍ਹਾਂ ਸਮਰਪਿਤ ਕੀਤਾ ਹੋਇਆ ਹੈ। ਵਿਆਹ ਦੀ ਗੱਲ ਕੀਤੀ ਤਾਂ ਕਿਹਾ ਅਜੇ ਵੀਚਾਰ ਨਹੀਂ। ਪਿਛਲੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਨੌਜਵਾਨ ਕੀਰਤਨੀਆਂ ਪਾਸੋਂ ਨਿਰਧਾਰਤ ਕੀਰਤਨ ਸਰਵਨ ਕਰਵਾ ਕੇ ਸੰਗਤ ਦੇ ਰੂਬਰੂ ਕੀਤਾ। ਜੋ ਸਫਲ ਉਪਰਾਲਾ ਰਿਹਾ। ਪਿਛਲੇ ਸਮਾਗਮਾਂ ਦੀਆਂ ਆਡਿਓ ਕੈਸਟਾਂ ਨੂੰ ਸੀ ਡੀ ਤਿਆਰ ਕਰਵਾ ਕੇ ਸੰਗਤਾਂ ਤੱਕ ਪਹੁੰਚਾਈਆਂ। ਮਾਨ ਸਨਮਾਨਾਂ ਤੋਂ ਪਰੇ ਰਹਿਣ ਵਾਲੀ ਸ਼ਖਸੀਅਤ ਨੂੰ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਵਲੋਂ ਅਤੇ ਹੋਰ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਵਲੋਂ ਮਾਨ ਸਨਮਾਨ ਮਿਲਿਆ।

ਗੁਰਮਤਿ ਸੰਗੀਤ ਦੇ ਪ੍ਰਚਾਰ ਹਿਤ ਸੰਤ ਸੁੱਚਾ ਸਿੰਘ ਗੁਰਮਤਿ ਕੀਰਤਨ ਅਕੈਡਮੀ ਤਰਨਤਾਰਨ, ਮੋਗਾ ਅਤੇ ਮੁਹਾਲੀ ਵਿਖੇ ਸ਼ੁਰੂ ਕੀਤੀ ਗਈ ਹੈ। ਜਿੱਥੇ ਸਮੇਂ-ਸਮੇਂ ਸਿਰ ਇਹ ਸੇਵਾ ਨਿਭਾ ਰਹੇ ਹਨ। ਗੁਰਮਤਿ ਸੰਗੀਤ ਦੀ ਸੇਵਾ ਏਸੇ ਲਗਨ ਨਾਲ ਕਰਦੇ ਰਹਿਣ ਏਹੀ ਅਰਦਾਸ ਹੈ।

# ਗੁਰੂ ਕੇ ਕੀਰਤਨੀਏ ਅਤੇ ਢਾਡੀ ਸਿੰਘ ਭਾਈ ਕੇਵਲ ਸਿੰਘ

ਰਾਗੀ ਜੱਥਾ ਭਾਈ ਚਰਨਜੀਤ ਸਿੰਘ ਖਾਲਸਾ : ਸੰਗਮ ਰੇਡੀਓ ਐਂਡ ਟੀ ਵੀ ਕਾਲਜ, ਮਲੋਟ

ਗੁਰੂ ਸਾਹਿਬ ਜੀ ਦੇ ਫੁਰਮਾਨ 'ਭਲੋ ਭਲੋ ਰੇ ਕੀਰਤਨੀਆ' ਅਤੇ 'ਹਉ ਢਾਡੀ ਦਰ ਗੁਨ ਗਾਵਦਾ ਜੇ ਹਰਿ ਪ੍ਰਭ ਭਾਵੈ' ਦੇ ਕਥਨ ਮੁਤਾਬਿਕ ਸ਼ਬਦ ਕੀਰਤਨ ਅਤੇ ਗੁਰ ਇਤਿਹਾਸ ਸੁਣਾਉਣ ਵਾਲੇ ਭਾਈ ਕੇਵਲ ਸਿੰਘ ਜੀ ਪਿੰਡ ਅਬੁੱਲਖੁਰਾਣਾ (ਮੁਕਤਸਰ) ਦੇ ਜਮਪਲ ਹਨ। ਪੰਥ ਦੇ ਮਹਾਨ ਢਾਡੀ ਗਿਆਨੀ ਮੱਖਣ ਸਿੰਘ ਫੌਜੀ ਦੇ ਹੋਣਹਾਰ ਸਪੁੱਤਰ ਭਾਈ ਕੇਵਲ ਸਿੰਘ ਜੀ ਨੇ ਸਾਰੰਗੀ ਦੀ ਸਿਖਲਾਈ ਪ੍ਰਸਿੱਧ ਢਾਡੀ ਜੱਥਾ ਇੰਦਰਜੀਤ ਸਿੰਘ ਸ਼ੇਰਪੁਰੀ ਅਮਰੀਕਾ ਵਾਲਿਆਂ ਪਾਸੋਂ ਪ੍ਰਾਪਤ ਕੀਤੀ ਅਤੇ ਆਪਣੇ ਪਿਤਾ ਗਿਆਨੀ ਮੱਖਣ ਸਿੰਘ ਫੌਜੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਹਿਤ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਵਿਖੇ ਭਾਈ ਕੇਵਲ ਸਿੰਘ ਨੇ ਢਾਡੀ ਜੱਥੇ ਸਮੇਤ ਡਿਊਟੀ ਕੀਤੀ। ਬਹੁਤ ਸਾਰੇ ਸਕੂਲਾਂ, ਕਾਲਜਾਂ ਦੇ ਵਾਰ ਗਾਇਨ ਦੇ ਕੰਪੀਟੀਸ਼ਨਾਂ ਵਿਚ ਭਾਈ ਕੇਵਲ ਸਿੰਘ ਨੇ ਸਾਰੰਗੀ ਵਜਾਈ ਅਤੇ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ। ਮਲੋਟ ਦੇ ਪ੍ਰਸਿੱਧ ਸੰਗੀਤਕਾਰ ਉਸਤਾਦ ਪ੍ਰੋ. ਮੰਗਤ ਸਿੰਘ ਮਸਤਾਨਾ ਪਾਸੋਂ ਸ਼ਬਦ ਕੀਰਤਨ (ਹਾਰਮੋਨੀਅਮ) ਦੀ ਸਿਖਲਾਈ ਪ੍ਰਾਪਤ ਕੀਤੀ। ਗਿੱਦੜਬਾਹਾ ਦੇ ਪ੍ਰਸਿੱਧ ਮਿਊਜਿਕ ਮਾਸਟਰ ਸ੍ਰੀ ਮੁਕਟ ਬਿਹਾਰੀ ਸ਼ਰਮਾ ਦੇ ਸੈਂਟਰ ਰਾਹੀਂ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦਾ ਸੀਨੀਅਰ ਡਿਪਲੋਮਾ ਹਾਸਲ ਕੀਤਾ। ਭਾਈ ਸਾਹਿਬ ਜਦੋਂ ਵੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੀ ਕੋਈ ਗੀਤ (ਸ਼ਬਦ) ਗਾਉਂਦੇ ਹਨ ਤਾਂ ਉਹਨਾਂ ਦਾ ਪੂਰਾ ਭੁਲੇਖਾ ਪੈਂਦਾ ਹੈ ਕਿ ਜਿਵੇਂ ਭਾਈ ਹਰਜਿੰਦਰ ਸਿੰਘ ਜੀ ਗਾ ਰਹੇ ਹੁੰਦੇ ਹਨ। ਗਿਆਨੀ ਮੱਖਣ ਸਿੰਘ ਦੇ ਢਾਡੀ ਜੱਥੇ ਦੀ ਇਕ ਕੈਸਟ ਵੀ ਆ ਚੁੱਕੀ ਹੈ। ਜਲਦੀ ਹੀ ਗੁਰਬਾਣੀ (ਸ਼ਬਦ ਕੀਰਤਨ) ਦੀ ਕੈਸਟ ਕਰਵਾ ਰਹੇ ਹਨ। ਭਾਈ ਸਾਹਿਬ ਜੀ ਪੰਜਾਬ ਤੋਂ ਬਾਹਰ ਬੰਬਈ, ਕਲਕਤਾ, ਯੂ.ਪੀ, ਹਰਿਆਣਾ ਤੋਂ ਇਲਾਵਾ ਬਹੁਤ ਸਾਰੀਆਂ ਸਟੇਟਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾ ਚੁੱਕੇ ਹਨ। ਅੱਜ ਕੱਲ ਭਾਈ ਸਾਹਿਬ ਜੀ ਪਿੰਡ ਦਾਨੇਵਾਲਾ ਨੇੜੇ ਮਲੋਟ ਵਿਖੇ ਆਪਣੀ ਰਿਹਾਇਸ਼ ਵਿਚ ਰਹਿ ਕੇ ਸ਼ਬਦ ਕੀਰਤਨ ਅਤੇ ਢਾਡੀ ਜੱਥੇ ਦੇ ਪ੍ਰੋਗਰਾਮ ਕਰ ਰਹੇ ਹਨ। ਭਾਈ ਸਾਹਿਬ ਜੀ ਦਾ ਜੱਥਾ ਇਲਾਕੇ ਦਾ ਬਹੁਤ ਮਸ਼ਹੂਰ ਜੱਥਾ ਹੈ। ਭਾਈ ਸਾਹਿਬ ਦੀ ਹਰ ਇਕ ਗੁਣੀ ਦੀ ਕਦਰ ਕਰਨ ਵਾਲੇ ਅਤੇ ਮਿਲਣਸਾਰ ਵਿਅਕਤੀ ਹਨ। ਜੱਥੇ ਨਾਲ ਸੰਪਰਕ ਲਈ ਇਹਨਾਂ ਦਾ ਫੋਨ ਨੰਬਰ- 01637-266910 ਹੈ। ਭਾਈ ਸਾਹਿਬ ਜੀ ਸ਼ਬਦ ਕੀਰਤਨ ਤੋਂ ਇਲਾਵਾ ਗੁਰ ਇਤਿਹਾਸ ਦੀ ਨਵੀਂ ਖੋਜ ਕਰਕੇ ਖੁਦ ਆਪ ਪ੍ਰਸੰਗ ਲਿਖਦੇ ਹਨ।

# Ornithological Similies And Metaphors Used By Guru Nanak Sahib In Guru Granth Sahib

Dr. Jasbir Singh Sarna : **Near Super Bazar, Baramulla 193 101 (Kashmir)**

Guru Nanak Sahib had a vast knowledge of the flora and fauna of this vast sub-continent. Guru ji's hymns as incorporated in Guru Granth Sahib reflect a naturalist's understanding. Guru Sahib has made use of ornithological similies and metaphors frequently to bring home his transcendental flights.

In this universe, all vertebrates animal life is divided into two classes viz. the warm blooded animals and the cold blooded animals. The warm blooded animals are sub classified into mammals who are covered with hair, bear live young and suckle them. All the birds are covered with feathers, lay eggs and as a natural rule incubate them with the heart of their bodies.

Avians or Birds are the only feathered creatures in the world. In general outlook, all the birds display common characteristics, they fly, build nests and lay eggs. A closer investigation shows that bird life includes many forms. Aristotle and Linnaeus naturalists of the 18th century laid down some modifications which are universally being applied till date. All the bird life is divided into 27 main orders. These orders are again divided into families, then families into genus and finally genera into species. In South Asia alone, there are 2,000 species of birds.

The hymns of Guru Nanak Sahib mention more than a dozen birds viz:. Birds, Crane, Crow, Cuckoo, Hawk, Heron, Parrot, Peacock, Ruddy Goose, Sheldrake, Sparrow-hawk and Swan. Here we will discuss them alphabetically:

**BIRDS**

Guruji generall used birds in similies and metaphors to describe flight to heavens.

* Becoming a bird, were I to hover and soar through hundreds of heavens. (Siri Raga: 14)
* The birds which packed at the place of the pool have played and gone, away. (Siri: 60)
* What the sky to the bird. (Magh: 143)
* The birds have no money in their pockets. (Magh 148)
* The bird soul or its action is sometimes exalted and sometimes debased. (Magh 148)
* Many birds settle on a tree by night. (Gauri: 152)
* Breathless tumblings of the birds and mounted on the stakes. The beings are whirled round. (Asa: 465)
* Those several birds which visit it with hope, depart disappointed. (Asa: 470)
* Thou art the great Lord and an infinite tree and I a bird under thine

protection. (Gujri: 505)

* I weep, the whole world weeps and even the birds of the forests weep with me. (Wadhans: 558)
* He is like the bird who is imprisoned in a cage and who wanders about behind the bars, but is released not. (Bilawal: 839)
* The wise and beauteous true Lord is neither a women nor a man, nor a bird: (Maru: 1010)
* The fine birds of the saint fly and fly not. (Maru: 1030)
* The mind is an illusionist, the mind is a saunterer and the mind wings is the sky like a bird (Parbhati: 1330)

**CRANE**

Cranes comes under Gruiformes order. Its martial devotion has become legendary in our folk-lore. There are six species in family Gruidae viz. Sarus crane, common crane, Donoiselle crane, Siberian crane. According to a naturalist, "Call: A loud, musical, high pitched trumpet of far reaching quality. The dim of a great concourse of *Koong* taking off the ground with their *Kurr Kurr* calls uttered in varying keys has been aptly likened to the distant rearing of the sea."

Guru Sahib has used metaphors of crane for its habitat bath, swan, net etc.

* Thou assayest every heart, and declarest a swan, a swan and a crane, a crane. (Asa: 438)
* The Floricans shriek in the sky and the herons come and sit-down. (Suhi: 753)
* You read books, say vesper prayers, argue worship stones and sit in transe like a crane. (Asa: 470
* What avails the poor crane to bathe at the puddle. (Dhanasari: 663)
* If thou so blesseth ,O Merciful Master, the crane is again transformed into the swan. (Basant: 1171)
* O crane, how art thou trapped in the net. (Basant:1275) .

**CROW**

Crow is a familiar Indian bird. The house crow, *Kowwa* or *Kian* comes in family Corvidae.

Guru Ji mentioned crows natural habits, its colour and its relevancy with human beings.

* Man regrets his coming and going like the crow visiting a deserted house. (Asa: 48)
* After him food is offered on leaves and the crows are called (Majhi:138)
* The black crow is ever impure. (Bilawal: 839)
* The world is like a crow and cherishes not the Lord's name. (Basant:1172)
* The crow rubs and washes itself in the small pool of the saline land. (Solakes leftover from varan: 1345)
* The swan of the lake, not knowing that the crow is an evil bird, associated with it. (Ibid: 1411)

**CUCKOO**

Its family name is cuculidae and order is cuculiformes. They have a cosmopolitan distribution. *Koel* builds no nests of its own but deposits its eggs in crow's nests leaving them to be hatched, and the young ones to be reared, by the foster parents. The Koel's

song has been much lauded in romantic poetry as well. There are several species of cuckoos viz: large hawk, pied crested, Indian plaintive, Indian cuckoo, Bay-banded, Indian drango, Sirker cuckoo. Its love for water and rain drops is well known.

* O my soul! cherish such an affection for God as the pied cuckoo has for the rain. (Siri: 60)
* Give pied cuckoo Nanak, the water of thine mercy, O' God! so that he may have an abode in the name. (Sohila:13)
* As the pied cuckoo has affection and thirst for rain drops. (Gauri: 226)
* Nanak, the pied cuckoo prays for the nectarous water of the name. O Lord, Mercifully bless him with thy praise. (Gujri: 504)
* Thou cooest like a cuckoo and ascending is they youth. (Wadhans: 567)
* Bless Nanak, the pied-cuckoo with the water of thine mercy. So that he may have an abode in thy name, O Lord. (Dhanasari: 633)
* The beauteous cuckoo sings on the mango tree. How can I bear the pains of my mind. (Tukhaari: 1108)
* Beloved, my beloved cries and shrieks the pied cuckoo and the snakes go about biting. (Ibid: 1108)
* When the low clouds thunder and burst, the cuckoo, the peacocks, the trees, the bulls, the birds and the snakes are filled with love. So does the chaste bird when her spouse is back home. (Sarang: 1191)
* The pied cuckoo and the fish find peace through water, and to the dear, the bells note is pleasing. (Malar:1274)

**DUCK**

It is a smaller bird of the family Anatidae. The prominent characteristics of a duct are short webbed feet, with a small hind not reaching the ground. There are two species of ducks: Brahming duck and Ferruginous duck.

Guruji has beautifully mentioned its realistic habits.

* As a lotus flower remains unaffected in water, as also a duck swims against the stream's current and becomes not wet. (Ramkali: 938)

**HAWK**

Hawk is a bird of the falcon family. Hawk keeps a sharp lookout, perched bolt upright on bough amongst the foliage or on the canopy of some high tree standing near a forest clearing, for jungle foul, pheasants, hares and others small animals coming out into the open. It swoops down with a terrific rush, strikes and bears its prey away in its talons. There are different species of hawks viz: Brown Lizard hawk, Crested Honey buzzard, Crested Gos hawk, Besra sparrow hawk and long-legged Buzzard.

Guru ji has mentioned its learned and clever nature.

* As the hawk and the net in hunters hand are to the birds, so is death to the mortals. (Siri: 55)
* The deer, the hawk and the officials, they are called learned and clever. (Malar: 1288)

**HERON**

It is a large screaming wading bird of Ciconiiformes and Ardeidae family. Herons are long legged birds with partially bear tibia and longish unwebbed toes. They have long, flexible necks and pointed spear like bills. It is a solitary bird away from its breeding colonies than the egrets. Herons are of different species viz: Reef, Night, white bellied, purple and yellow bittern herons.

* The filth of your mind shall be removed and from a great heron, you shall become a great swan. (Wadhans: 567)
* The herons arranged in white feathers abide in places of pilgri mage. (Suhi: 729)

**PARROT**

Parrots have the order psittaciformes, having a single family psitta cidae. These are all predominantly green plumaged ornamental birds, but highly destructive to crops and orchard fruits. The commonest species are rose ringed parakeet, Alexandrine, blossom headed, Red breasted, slaty-winged, blue-winged and Layards Parakeet.

* In the cage of Divine love, parrot, the utterer, utters the Lord praise. (Maru: 1010)

**PEACOCK**

In peninsular India, it is the most familiar and spectacular member of the pheasant family. MOR has been elected National Bird of India. It is found in wild erness and its main food consists of grains, tubers, vegetables shoots, insects, lizards and small snakes as well. It is extremely shy and difficult to see, has excellent sight and hearing and is constantly on the alert. Although it looks cumbersome, the cock's 'tail' does not inconvenience him whether running through vegetation. When walking it is carried just off the ground.

* The peacocks are sweetly crying, O sisters, the rainy month of swan has set in. (Wadhans: 406)

**RUDDY - GOOSE**

It is a bird of order Anseriformes and family Natidae. Ruddy-Goose is an intermediate between ducks and swans, the female of such a bird. It is common in winter in northern and central India on rivers and *jheels*. It stays in small parties of 15 to 20 individuals. It becomes active towards sunset when flocks fly in a long strung out V formation. It is known to fly at very high altitudes when on migration over the Himalayas. Bar headed Goose and Greylag Goose are most common.

* The she-Ruddy Goose desires not sleepy eyes and has no sleep without her beloved. Malar: 1247)

**SHELDRAKE**

It is a large duck generally 60 cms, having red bill with long large knob at base, two bands on back and black flight feathers, chestnut band around upper back and breast and remainder of white plumage.

* O' my soul ! bear such love to God as the Sheldrake has for the Sun. (Siri: 60)

**SPARROW-HAWK**

Its scientific name is Accipiter

Virgatus. It is about 35 cm long. It is very much like Shikra bird with heavier throat stripe, but its habitat is thick often evergreen forest.

Guru Sahib used it as a symbol of beloved's love in metaphysical terms.

* The Sparrow-hawk cries beloved and the cuckoo sings its lay. (Maru: 1093)
* Nanak, the Sparrow-hawk of the mine cries, spouse my spouse and the cuckoo of the tongue is embellished with the name. (Tukhari: 1093)
* Without water, the Sparrow-hawk cries, O Beloved, O my beloved and wails and laments. (Malar: 1247)
* The Sparrow-hawk chirps during the night, O my mother. (Malar: 1247)

**SPARROW**

It is a bird of Ploceidae family. It is most widely known and recognised bird. It adapts itself to the new environmental conditions easily. Its food consists mainly of seeds and grains. In villages and towns it is a very common bird.

* Half a gram is the feed of the Sparrow and ascending the Sky, it chirps. She, the good Sparrow, that utters the Gods name, is pleasing to the lord. (Malar: 1285)

**SWAN**

It is a bird of the Anatidae family and Cygnus Species. It is large, graceful, stately and long necked. All its three species, Mute swan, Hooper and Bewicks swan are very rare. According to Hume and Marshall, "This species has been, however, so seldom recorded as killed in India that it may melt to enumerate every instance of this which has come to any knowledge."

In Punjabi its name is *Hans* and in Hindi *Hans* and *Hans Barwa*. Guru ji has used this metaphor widely in connection with soul, tank, crow, ocean, lake, jewels and pearls etc.

* Pray Nanak, listen to my supplication. Thou art the tank and thou the swan. (Siri: 23)
* In the third watch of night, O my merchant friend, the white swans came and alright on the head tank. (Siri: 75)
* He, who is pleasing to him, O Nanak! him he makes a swan from crow. (Siri: 76)
* The soul swan flies away and inquires about the road to take. (Majh: 138)
* When the soul swan departs, thou remainest behind....(Gauri: 155)
* The swan picks bright jewels. (Asa: 351)
* When mortals days are at an end, the body and the swan are separated, O my mother. (Wadhans: 588)
* Within the ocean, the swan meet the Lord of their soul. (Dhanasari: 633)
* Abandoning the ocean, the swan goes no where else. (Ibid: 633)
* For seeking the Lord's praise and enology, the swan is attached to the skeltons of reproaches in a day and thousands in a night. (Suhi: 767)
* The soul swan arises... (Ramkali: 934)
* ...Thou art my lake and thou the swan. (Ibid: 939)
* Mind swan flies not, nor his body wall

falls. (Ibid: 939)

* The union between the lake and the swan is ordained from the very beginning so, it pleases the Lord. (Ibid: 956)
* In the lake are jewels and pearls. They are the feed of the swans. (Ibid: 956)
* The Guru is the tank of nectar and I am his beloved swan. (Maru: 1027)
* Pure is the body and pure the swan soul. (Maru: 1035)
* When soul swan flies away, under the Lord's command, the dust mingles with dust. (Tukhari: 1111)
* Gold becomes the body and stainless the soul swan. (Malar: 1246)

## Bibliography


**Collin**

Collin's hand guide to the Birds of Indian subcontinent, London, 1988

**Hume & Marshall**

The Game Birds of India, Burma, Ceylone, Vol: 3, Calcutta, 1881

**Kahn Singh**

Gurshabad Ratnakar Mahankosh, Reprint, Delhi, 1990

**Manmohan Singh**

Sri Guru Granth Sahib, 8 Vols, Amritsar, 1962-69

**Manmohan Singh**

Hymns of Guru Nanak, Patiala, 1982

**Salim Ali, Dr**

The Book of Indian Birds, Bombay, 1972

**Salim Ali, L. Futehally**

Flora and Fauna in Guru Nanak's Bani, Jammu, 1992

**Walliam Geddie**

Chamber's Twentieth Century Dictionary, 1968

## ਸੁਰ ਲਿਪੀਆਂ

ਪ੍ਰੋ. ਕਰਤਾਰ ਸਿੰਘ : ਡਾਇਕਰੈਕਟਰ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ (ਰੋਪੜ)

*ਰਾਗ ਸਿਰੀਰਾਗੁ*

**ਵਾਦੀ:** ਰਿਸ਼ਭ, **ਸੰਵਾਦੀ:** ਪੰਚਮ **ਸਵਰ:** ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਭ ਸ਼ੁੱਧ
**ਵਰਜਿਤ ਸਵਰ:** ਆਰੋਹ ਵਿਚ ਗੰਧਾਰ ਤੇ ਧੈਵਤ
**ਥਾਟ:** ਪੂਰਵੀ, **ਜਾਤੀ:** ਔੜਵ ਸੰਪੂਰਨ **ਸਮਾਂ:** ਸ਼ਾਮ ਦਾ ਸੰਧੀ ਪ੍ਰਕਾਸ਼
**ਆਰੋਹ:** ਸ ਰੁ, ਮੇ ਪ, ਨ ਸਂ **ਅਵਰੋਹ:** ਸਂ ਨ ਧੁ ਪ, ਮੇ ਗ, ਰੁ ਸ।
**ਮੁੱਖ ਅੰਗ:** ਸ, ਰੁ ਰੁ, ਪ, ਮੇ ਗ ਰੁ, ਰੁ ਗ ਰੁ, ਸ।

**ਝਪਤਾਲ ਮਾਤਰਾਂ 10 ਵਿਲੰਬਿਤ ਲੈਅ**

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| x | | 2 | | | 0 | | 3 | | |
| **ਅਸਥਾਈ** | | | | | | | | | |
| ਸ | ਰੁ | ਰੁਗ | ਰੁ | ਸ | ਪ | ਪ | ਰੁ | ਰੁਗ | ਰੁਸ |
| *ਜਿ* | *ਸੁ* | *ਪਿऽ* | *ਆ* | *ਰੇ* | *ਸਿ* | *ਉ* | *ऽ* | *ਨੇऽ* | *ਹੁऽ* |
| ਮੇਪ | ਨ | ਨਸਂ | ਨਧੁ | ਪ | ਮੇਗ | ਰੁ | ਰੁਗ | ਰੁ | ਸ |
| *ਤਿऽ* | *ਸੁ* | *ਆऽ* | *ਗੈ* | *ऽ* | *ਮऽ* | *ਰਿ* | *ਚऽ* | *ਲੀ* | *ਐ* |
| **ਅੰਤਰਾ** | | | | | | | | | |
| ਪੁਪੁ | ਮੇਪੁ | ਧੁ | ਪ | ਪ | ਨ | ਸਂ | ਰੁਂ | – | ਸਂ |
| *ਧ੍ਰਿ* | *ਗੁऽ* | *ਜੀ* | *ਵ* | *ਣੁ* | *ਸਂ* | *ऽ* | *ਸਾ* | *ऽ* | *ਰਿ* |
| ਨ | ਸਂ | ਨ | ਧੁ | ਪ | ਮੇ | ਗ | ਰੁ | – | ਸ |
| *ਤਾ* | *ਕੈ* | *ਪਾ* | *ऽ* | *ਛੈ* | *ਜੀ* | *ਵ* | *ਣਾ* | *ऽ* | *ऽ* |

ਏਕ ਤਾਲ ਮਾਤਰਾਂ 12 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| **ਅਸਥਾਈ** | | | | | | | | | | | |
| ਸ | ਰੁ | ਗ | ਰੁ | ਮੇ | ਪ | ਮੇ | ਗ | ਰੁ | ਗ | ਰੁ | ਸ |
| ਜੋ | ऽ | ਸਿ | ਰੁ | ਸਾਂ | ऽ | ਈ | ऽ | ਨਾ | ऽ | ਨਿ | ਵੈ |
| ਮੇ | ਪ | ਨ | ਸਂ | ਨ | ਧੁ | ਪ | – | ਰੁ | – | ਰੁਗ | ਰੁਸ |
| ਸੋ | ऽ | ਸਿ | ਰੁ | ਦੀ | ऽ | ਜੈ | ऽ | ਡਾ | ऽ | ਰਿऽ | ऽऽ |
| **ਅੰਤਰਾ** | | | | | | | | | | | |
| ਮੇ | ਪਪ | ਨ | ਨ | ਸਂ | ਸਂਸਂ | ਰੁਂ | ਰੁਂ | ਰੁਂਰੁਂ | ਗਂ | ਰੁਂ | ਸਂ |
| ਨਾ | ਨਕ | ਜਿ | ਸੁ | ਪਿੰ | ਜਰ | ਮ | ਹਿ | ਬਿਰ | ਹਾ | ਨ | ਹੀ |
| ਨ | ਸਂ | ਨ | ਧੁ | ਪ | – | ਰੁ | – | ਮੇਪ | ਮੇਗ | ਰੁ | ਸ |
| ਸੋ | ऽ | ਪਿੰ | ਜ | ਰੁ | ऽ | ਲੈ | ऽ | ਜਾऽ | ऽऽ | ਰਿ | ऽ |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਸਲੋਕ ਮ: ੨ ॥ | **Slok, Second Guru.** | ਸਲੋਕ, ਦੂਜੀ ਪਾਤਸ਼ਾਹੀ। |
| ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰ ਦੀਜੈ ਡਾਰਿ ॥ | Cut off the head; the head which bows not to the Lord. | ਕੱਟ ਦਿਓ ਉਸ ਸੀਸ ਨੂੰ ਜਿਹੜਾ ਸੀਸ ਸੁਆਮੀ ਮੂਹਰੇ ਨਹੀਂ ਝੁਕਦਾ। |
| ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥ | Nanak, take and burn the human frame, the human frame, in which there is not the pang of separation from God. | ਨਾਨਕ, ਉਸ ਮਨੁੱਖੀ ਢਾਂਚੇ ਨੂੰ ਲੈ ਕੇ ਸਾੜ ਸੁੱਟ, ਜਿਹੜੇ ਮਨੁੱਖੀ ਢਾਂਚੇ ਵਿਚ ਵਾਹਿਗੁਰੂ ਨਾਲ ਵਿਛੋੜੇ ਦੀ ਪੀੜ ਨਹੀਂ। |
| ਸਲੋਕ ਮ: ੨ ॥ | **Slok, Second Guru.** | ਸਲੋਕ, ਦੂਜੀ ਪਾਤਸ਼ਾਹੀ। |
| ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ | Die before the Beloved with whom thou hast love. | ਜਿਹੜੇ ਪਰੀਤਮ ਨਾਲ ਪਿਆਰ ਹੈ, ਉਸ ਦੇ ਮੂਹਰੇ ਮਰ ਜਾ। |
| ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ | To live after him is to lead an accursed life in this world. | ਉਸ ਦੇ ਮਗਰੋਂ ਜੀਊਣਾ ਜਗਤ ਅੰਦਰ ਲਾਨਤ ਦੀ ਜ਼ਿੰਦਗੀ ਬਸਰ ਕਰਨਾ ਹੈ। |